Excellence in Agri Info

KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Rs.10/-

All Subject to Patiala Jurisdiction.

www.khetiduniyan.in

Editor : Jagpreet Singh ● RNI/42269/83 ● Issue Dated 09-03-2024 ● Vol.42 No.10 ● Ph. : 0175-2214575, 90410-14575 ● Page : 16 E-mail : khetiduniyan1983@gmail.com

ਅੰਦਰ ਪੜ੍ਹੋ



ਵਿਗਿਆਨਕ ਖੇਤੀ ਅਤੇ ਕਿਸਾਨ ਮੇਲੇ



ਕਿਸਾਨ ਨੂੰ ਐੱਮ.ਐੱਸ.ਪੀ. ਦਿੱਤੀ ਜਾਵੇ ਤਾਂ ਕਿਵੇਂ



ਵਧੇਰੇ ਆਮਦਨ ਲਈ ਸਹਾਇਕ ਧੰਦੇ ਅਤੇ ਪ੍ਰੋਸੈਸਿੰਗ ਤਕਨੀਕਾਂ ਅਪਨਾਓ



ਕਿਸਾਨ ਯੂਨੀਵਰਸਿਟੀ ਦੀਆਂ ਨਵੀਨਤਮ ਪਸਾਰ-ਗਤੀਵਿਧੀਆਂ ਦਾ ਲਾਹਾ ਲੈਣ

# ਪੀ.ਏ.ਯੂ. ਵੱਲੋਂ ਸਿਫਾਰਿਸ਼ ਸਾਉਣੀ ਦੀਆਂ ਫਸਲਾਂ ਦੀਆਂ ਚਾਰ ਨਵੀਆਂ ਕਿਸਮਾਂ

### ਪੂਸਾ ਬਾਸਮਤੀ 1847

ਇਹ ਪੂਸਾ ਬਾਸਮਤੀ 1509 ਦੇ ਨਾਲ ਮਿਲਦੀ ਜੁਲਦੀ ਕਿਸਮ ਹੈ ਜੋ ਕਿ ਪੰਜਾਬ ਵਿਚ ਇਸ ਸਮੇਂ ਪ੍ਰਚਲਿਤ ਝੁਲਸ ਰੋਗ ਦੇ ਸਾਰੇ ਦਸ ਜੀਵਾਣੂਆਂ ਦਾ ਟਾਕਰਾ



ਕਰਦੀ ਹੈ ਅਤੇ ਘੰਢੀ ਰੋਗ ਪ੍ਰਤੀ ਦਰਮਿਆਨੀ ਸਹਿਣਸ਼ੀਲਤਾ ਰੱਖਦੀ ਹੈ। ਇਸ ਦਾ ਔਸਤਨ ਕੱਦ 108 ਸੈਂਟੀਮੀਟਰ ਹੈ ਅਤੇ ਲੁਆਈ ਉਪਰੰਤ ਪੱਕ ਕੇ 99 ਦਿਨਾਂ ਵਿਚ ਤਿਆਰ ਹੋ ਜਾਂਦੀ ਹੈ। ਇਸ ਦਾ ਔਸਤਨ ਝਾੜ 19.0 ਕੁਇੰਟਲ ਪ੍ਰਤੀ ਏਕੜ ਹੈ।

### ਜੇ 1008 (ਚਾਰਾ ਮੱਕੀ)

ਇਹ ਮੱਕੀ ਦੇ ਹਰੇ ਚਾਰੇ ਦੀ ਪੀਲੇ ਦਾਣਿਆਂ ਵਾਲੀ ਪਹਿਲੀ ਕੰਪੋਜ਼ਿਟ ਕਿਸਮ ਹੈ, ਜੋ ਮੱਕੀ ਦੀਆਂ ਪਹਿਲੀਆਂ ਕਿਸਮਾਂ ਜੇ 1006 ਅਤੇ ਜੇ 1007 ਨਾਲੋਂ ਲਗਭਗ 12 ਦਿਨ ਪਹਿਲਾਂ ਕੱਟਣ ਯੋਗ ਹੋ ਜਾਂਦੀ ਹੈ। ਇਹ ਕਿਸਮ ਅਚਾਰ (ਸਾਈਲੇਜ) ਬਣਾਉਣ ਲਈ ਵੀ ਢੁੱਕਵੀਂ ਹੈ। ਇਸ ਕਿਸਮ ਦਾ ਚਾਰਾ ਪ੍ਰੋਟੀਨ ਅਤੇ ਪਚਣਸ਼ੀਲਤਾ ਦੇ ਆਧਾਰ ਤੇ ਜੇ 1006 ਅਤੇ ਜੇ 1007 ਨਾਲੋਂ ਵਧੀਆ ਹੈ। ਇਸ ਕਿਸਮ ਦੇ ਦਾਣਿਆਂ ਵਿਚ ਸਟਾਰਚ, ਪ੍ਰੋਟੀਨ ਅਤੇ ਬੀਟਾ ਕੈਰੋਟੀਨ ਵਰਗੇ ਤੱਤ ਜੇ 1006 ਅਤੇ ਜੇ 1007 ਨਾਲੋਂ ਜ਼ਿਆਦਾ ਹੈ। ਹਰੇ ਚਾਰੇ ਦਾ ਔਸਤ ਝਾੜ 163 ਕੁਇੰਟਲ ਅਤੇ ਦਾਣਿਆਂ ਦਾ 18 ਕੁਇੰਟਲ ਪ੍ਰਤੀ ਏਕੜ ਹੈ।

### ਪੀ ਸੀ ਬੀ 167 (ਬਾਜਰਾ)

ਇਹ ਦਰਮਿਆਨੇ ਕੱਦ ਤੇ ਜ਼ਿਆਦਾ ਪੜਸੂਏ ਵਾਲੀ ਦਾਣਿਆਂ ਵਾਲੀ ਕੰਪੋਜ਼ਿਟ ਕਿਸਮ ਹੈ। ਇਸ ਦੇ ਪੌਦਿਆਂ ਦੀ ਉਚਾਈ ਤਕਰੀਬਨ 198 ਸੈਂਟੀਮੀਟਰ ਹੈ। ਇਹ ਕਿਸਮ ਬਿਜਾਈ ਤੋਂ ਤਕਰੀਬਨ 50 ਦਿਨਾਂ ਬਾਅਦ 50 ਪ੍ਰਤੀਸ਼ਤ ਸਿੱਟਿਆਂ ਤੇ ਆਉਂਦੀ ਹੈ ਅਤੇ ਲਗਭਗ 90 ਦਿਨਾਂ ਵਿਚ ਪੱਕ ਜਾਂਦੀ ਹੈ। ਦਾਣੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਹਨ, ਜਿਨ੍ਹਾਂ ਵਿਚ ਕੱਚੀ ਪ੍ਰੋਟੀਨ, ਕੱਚਾ ਰੇਸ਼ਾ, ਰਜਿਸਟੈਂਟ ਸਟਾਰਚ, ਲੋਹਾ ਅਤੇ ਜ਼ਿੰਕ ਜ਼ਿਆਦਾ ਹਨ। ਇਸ ਦੇ ਦਾਣੇ ਖਿੱਲਾਂ ਅਤੇ ਹੋਰ ਉਤਪਾਦ ਬਣਾਉਣ ਲਈ ਢੁੱਕਵੇਂ ਹਨ। ਇਹ ਕਿਸਮ ਬਾਜਰੇ ਦੇ ਸਾਰੇ ਰੋਗਾਂ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ। ਇਸਦੇ ਦਾਣਿਆਂ ਦਾ ਝਾੜ 15.6 ਕੁਇੰਟਲ ਪ੍ਰਤੀ ਏਕੜ ਹੈ।

### ਪੰਜਾਬ ਚੀਨਾ 1 (ਪ੍ਰੋਸੋ ਮਿਲਟ)

ਇਹ ਕਿਸਮ 66 ਦਿਨਾਂ ਵਿਚ ਪੱਕ ਜਾਂਦੀ ਹੈ। ਇਸਦਾ ਔਸਤਨ ਝਾੜ 3.2 ਕੁਇੰਟਲ/ਏਕੜ ਹੈ ਇਸ ਵਿਚ ਪ੍ਰੋਟੀਨ, ਰਜਿਸਟੈਂਟ ਸਟਾਰਚ, ਕੈਲਸ਼ੀਅਮ ਅਤੇ ਲੋਹਾ ਚੰਗੀ ਮਾਤਰਾ ਵਿਚ ਹਨ।

## ਬਹਾਰ ਰੁੱਤੀ ਮੱਕੀ ਦੀ ਬਜਾਇ

# ਗਰਮ ਰੁੱਤੀ ਮੂੰਗੀ ਬੀਜ ਕੇ ਪਾਣੀ ਬਚਾਓ

ਰਾਜ ਵਿਚ ਪਾਣੀ ਦੇ ਲਗਾਤਾਰ ਡਿੱਗ ਰਹੇ ਪੱਧਰ ਦੇ ਬਾਵਜੂਦ ਕਈ ਕਿਸਾਨ ਆਲੂ ਅਤੇ ਮਟਰਾਂ ਤੋਂ ਬਾਅਦ ਬਹਾਰ ਰੁੱਤੀ ਮੱਕੀ ਦੀ ਕਾਸ਼ਤ ਕਰ ਰਹੇ ਹਨ। ਅਪ੍ਰੈਲ ਤੋਂ ਜੂਨ ਦੇ ਮਹੀਨਿਆਂ ਵਿਚ ਤਾਪਮਾਨ ਜ਼ਿਆਦਾ ਹੋਣ ਕਾਰਨ ਵਾਸ਼ਪੀਕਰਨ ਜ਼ਿਆਦਾ ਹੁੰਦਾ ਹੈ ਅਤੇ ਫਸਲ ਜ਼ਿਆਦਾ ਪਾਣੀ ਮੰਗਦੀ ਹੈ। ਗਰਮ ਰੁੱਤ ਦੀ ਮੂੰਗੀ ਦੀ ਕਾਸ਼ਤ ਨਾਲ ਪਾਣੀ ਬਚਾਇਆ ਜਾ ਸਕਦਾ ਹੈ। ਮੂੰਗੀ ਹਵਾ ਵਿਚਲੀ ਨਾਈਟ੍ਰੋਜਨ ਨੂੰ ਮਿੱਟੀ ਵਿਚ ਜ਼ਜਬ ਕਰਕੇ ਆਪਣੀ ਖੁਦ ਦੀ ਜ਼ਰੂਰਤ ਦੇ ਨਾਲ-ਨਾਲ ਅਗਲੀ ਫਸਲ ਲਈ ਵੀ ਨਾਈਟ੍ਰੋਜਨ ਉਪਲੱਬਧ ਕਰਵਾਉਂਦੀ ਹੈ। ਜਿੱਥੇ ਗਰਮ ਰੁੱਤ ਦੀ ਮੂੰਗੀ 60-65 ਦਿਨਾਂ ਦਾ ਸਮਾਂ ਲੈਂਦੀ ਹੈ ਉੱਥੇ ਬਹਾਰ ਰੁੱਤ ਦੀ ਮੱਕੀ 115-120 ਦਿਨਾਂ ਵਿਚ ਪੱਕਦੀ ਹੈ। ਬਹਾਰ ਰੁੱਤੀ ਮੱਕੀ ਦੀ ਕਾਸ਼ਤ ਲਈ 21155 ਰੁਪਏ ਪ੍ਰਤੀ ਏਕੜ ਖਰਚਾ ਆਉਂਦਾ ਹੈ ਜਦਕਿ ਮੂੰਗੀ ਲਈ ਇਹ ਖਰਚਾ ਸਿਰਫ 9850 ਰੁਪਏ ਹੀ ਹੈ। ਬਹਾਰ ਰੁੱਤੀ ਮੱਕੀ ਨੂੰ 18-22 ਪਾਣੀ ਲੱਗ ਜਾਂਦੇ ਹਨ ਪਰ ਗਰਮ ਰੁੱਤ ਦੀ ਮੂੰਗੀ ਨੂੰ 3-4 ਸਿੰਚਾਈਆਂ ਦੀ ਹੀ ਲੋੜ ਪੈਂਦੀ ਹੈ। ਬਹਾਰ ਰੁੱਤੀ ਮੱਕੀ ਤੋਂ ਬੱਚਤ ਭਾਵੇਂ ਗਰਮ ਰੁੱਤੀ ਮੂੰਗੀ ਨਾਲੋਂ ਵਧੇਰੇ ਹੈ ਪਰ ਪਾਣੀ ਦੀ ਉਤਪਾਦਕਤਾ ਦੇ ਹਿਸਾਬ ਨਾਲ ਪਲੜਾ ਮੂੰਗੀ ਦਾ ਭਾਰੀ ਹੈ। ਪ੍ਰਤੀ ਘਣ ਮੀਟਰ ਪਾਣੀ ਨਾਲ ਗਰਮ ਰੁੱਤ ਦੀ ਮੂੰਗੀ ਤੋਂ 26 ਰੁਪਏ ਅਤੇ ਬਹਾਰ ਰੁੱਤੀ ਮੱਕੀ ਤੋਂ 9.8 ਰੁਪਏ ਦੀ ਵਸੂਲੀ ਹੁੰਦੀ ਹੈ। ਸੌਖੇ ਸ਼ਬਦਾਂ ਵਿਚ 1000 ਰੁਪਏ ਵੱਟਣ ਲਈ ਬਹਾਰ ਰੁੱਤੀ ਮੱਗੀ ਨੂੰ 102 ਅਤੇ ਗਰਮ ਰੁੱਤ ਦੀ ਮੂੰਗੀ ਨੂੰ ਸਿਰਫ 38 ਘਣ ਮੀਟਰ ਪਾਣੀ ਚਾਹੀਦਾ ਹੈ। ਮੂੰਗੀ ਦੀ ਰਹਿੰਦ ਖੂੰਹਦ ਨੂੰ ਖੇਤ ਵਿਚ ਮਿਲਾਉਣ ਨਾਲ ਅਗਲੀ ਝੋਨੇ ਦੀ ਫਸਲ ਵਿਚ 35 ਕਿਲੋਗ੍ਰਾਮ/ਏਕੜ ਯੂਰੀਆ ਦੀ ਬੱਚਤ ਵੀ ਹੁੰਦੀ ਹੈ। ਬਹਾਰ ਰੁੱਤ ਦੀ ਮੱਕੀ ਦੀ ਨਿਰੰਤਰ ਕਾਸ਼ਤ ਧਰਤੀ ਹੇਠਲੇ ਪਾਣੀ ਦੇ ਨਿਘਾਰ ਦਾ ਕਾਰਨ ਬਣ ਸਕਦੀ ਹੈ ਅਤੇ ਖੇਤੀ ਲਈ ਬਿਜਲੀ ਮੁਫਤ ਹੋਣ ਕਰਕੇ ਇਹ ਰਾਜ ਸਰਕਾਰ 'ਤੇ ਵੀ ਵਿੱਤੀ ਬੋਝ ਪਾਉਂਦੀ ਹੈ। ਪਾਣੀ ਅਤੇ ਊਰਜਾ ਦੇ ਸਰੋਤਾਂ ਦੀ ਸੰਭਾਲ ਲਈ ਆਲੂ/ਮਟਰਾਂ ਤੋਂ ਬਾਅਦ ਬਹਾਰ ਰੁੱਤੀ ਮੱਕੀ ਦੀ ਬਜਾਇ ਗਰਮ ਰੁੱਤ ਦੀ ਮੂੰਗੀ ਨੂੰ ਤਰਜੀਹ ਦੇਣੀ ਚਾਹੀਦੀ ਹੈ।

**ਬਹਾਰ ਰੁੱਤੀ ਮੱਕੀ ਅਤੇ ਗਰਮ ਰੁੱਤੀ ਮੂੰਗੀ ਵਿਚ ਪਾਣੀ ਦੀ ਵਰਤੋਂ ਅਤੇ ਆਮਦਨ**

| ਵਿਵਰਣ | ਬਹਾਰ ਰੁੱਤੀ ਮੱਕੀ | ਗਰਮ ਰੁੱਤ ਦੀ ਮੂੰਗੀ |
|---|---|---|
| ਮੁੱਖ ਉੱਪਜ ਦਾ ਔਸਤਨ ਝਾੜ (ਕੁਇੰਟਲ/ਏਕੜ) | 31 | 4.8 |
| ਉਪ ਉੱਪਜ ਦਾ ਔਸਤਨ ਝਾੜ (ਕੁਇੰਟਲ/ਏਕੜ) | 30 | 7 |
| ਕੁੱਲ ਬੱਚਤ (ਰੁਪਏ/ਏਕੜ) | 69390 | 41063 |
| ਕੁੱਲ ਚਲੰਤ ਖਰਚੇ (ਰੁਪਏ/ਏਕੜ) | 21155 | 9850 |
| ਨਿਰੋਲ ਆਮਦਨ (ਰੁਪਏ/ਏਕੜ) | 47235 | 31212 |
| ਪਾਣੀ ਦੀ ਕੁੱਲ ਵਰਤੋਂ (ਘਣ ਮੀ./ਏਕੜ) | 4800 | 1200 |
| ਪਾਣੀ ਦੀ ਉਤਪਾਦਕਤਾ (ਰੁਪਏ/ਘਣ ਮੀ.) | 9.8 | 26.0 |

ਰਾਜ, ਕੁਮਾਰ, ਇਕੋਨੋਮਿਕਸ ਐਂਡ ਸ਼ੋਸ਼ਿਆਲੋਜੀ ਵਿਭਾਗ, ਮੋ. 81460-96600

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਮਾਰਚ 2024 ਵਿੱਚ ਲਗਾਏ ਜਾ ਰਹੇ

## ਕਿਸਾਨ ਮੇਲੇ

12 ਮਾਰਚ ਬਠਿੰਡਾ

18 ਮਾਰਚ ਫਰੀਦਕੋਟ

20 ਮਾਰਚ ਗੁਰਦਾਸਪੁਰ

22 ਮਾਰਚ ਰੌਣੀ (ਪਟਿਆਲਾ)

18-19 ਮਾਰਚ – ਚੌ. ਚਰਣ ਸਿੰਘ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ, ਹਿਸਾਰ



ਪੀ.ਏ.ਯੂ. ਕੈਂਪਸ, ਲੁਧਿਆਣਾ ਵਿਖੇ ਦੋ ਰੋਜ਼ਾ ਕਿਸਾਨ ਮੇਲਾ 14 ਅਤੇ 15 ਮਾਰਚ ਨੂੰ

ਖੇਤੀ ਦੁਨੀਆਂ ਦੇ ਸਟਾਲ ਨੰ.229 'ਤੇ ਪਧਾਰੋ।

# ਵਿਗਿਆਨਕ ਖੇਤੀ ਅਤੇ ਕਿਸਾਨ ਮੇਲੇ

ਧਰਮਿੰਦਰ ਸਿੰਘ ਅਤੇ ਕੁਲਦੀਪ ਸਿੰਘ,
ਪਸਾਰ ਸਿੱਖਿਆ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98726-12124)

ਪੰਜਾਬ ਮੇਲਿਆਂ ਦੀ ਧਰਤੀ ਹੈ। ਇੱਥੇ ਸਾਰਾ ਸਾਲ ਹੀ ਵੱਖ-ਵੱਖ ਤਰ੍ਹਾਂ ਦੇ ਮੇਲੇ ਲਗਾਏ ਜਾਂਦੇ ਹਨ। ਇਸੇ ਤਰ੍ਹਾਂ ਹੀ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੁਆਰਾ ਲੁਧਿਆਣੇ ਅਤੇ ਪੰਜਾਬ ਦੇ ਹੋਰ ਸਥਾਨਾਂ ਤੇ ਵੀ ਮੇਲੇ ਲਗਾਏ ਜਾਂਦੇ ਇਨ੍ਹਾਂ ਕਿਸਾਨ ਮੇਲਿਆਂ ਪ੍ਰਤੀ ਵੀ ਲੋਕਾਂ ਦਾ ਵਧਿਆ ਰੁਝਾਨ ਇਸ ਗੱਲ ਦਾ ਸਬੂਤ ਹੈ ਕਿ ਅੱਜ ਦਾ ਕਿਸਾਨ ਖੇਤੀ ਦੀਆਂ ਨਵੀਆਂ ਤਕਨੀਕਾਂ ਨੂੰ ਜਾਣਨ ਵਾਸਤੇ ਇਹਨਾਂ ਕਿਸਾਨ ਮੇਲਿਆਂ ਤੇ ਜਾਣ ਲਈ ਕਿੰਨਾ ਤਤਪਰ ਰਹਿੰਦਾ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੂੰ ਖੇਤੀ ਗਿਆਨ ਦਾ ਧੁਰਾ ਕਹਿਣ ਵਿਚ ਕੋਈ ਅਤਿ-ਕਥਨੀ ਨਹੀਂ ਹੋਵੇਗੀ। ਇਸ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਹੀ ਨਵੀਆਂ ਕਿਸਮਾਂ ਦੀ ਕਾਢ ਕੱਢ ਕੇ ਪੰਜਾਬ ਦੀ ਖੇਤੀ ਨੂੰ ਨਵੀਆਂ ਲੀਹਾਂ ਤੇ ਤੋਰਿਆ ਹੈ, ਉਥੇ ਅਜਿਹੀਆਂ ਖੋਜਾਂ ਅੱਜ ਵੀ ਜਾਰੀ ਹਨ। ਇਹਨਾਂ ਖੋਜਾਂ ਦੇ ਪਸਾਰ ਅਤੇ ਵਿਗਿਆਨਕ ਖੇਤੀ ਨੂੰ ਹੁੰਗਾਰਾ ਦੇਣ ਲਈ ਹੀ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਹਰ ਸਾਲ ਰਾਜ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਅੰਮ੍ਰਿਤਸਰ ਤੇ ਪਟਿਆਲਾ ਤੋਂ ਇਲਾਵਾ ਖੇਤਰੀ ਖੋਜ ਕੇਂਦਰਾਂ, ਬੱਲੋਵਾਲ ਸੌਂਖੜੀ, ਗੁਰਦਾਸਪੁਰ, ਫਰੀਦਕੋਟ, ਬਠਿੰਡਾ ਅਤੇ ਲੁਧਿਆਣਾ ਕੈਂਪਸ ਵਿਖੇ ਲਗਾਏ ਜਾਂਦੇ ਹਨ।



ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਖੇਤੀਬਾੜੀ ਨੂੰ ਵਿਗਿਆਨਕ ਲੀਹਾਂ 'ਤੇ ਪ੍ਰਫੁੱਲਤ ਕਰਨ ਵਿਚ ਅਹਿਮ ਯੋਗਦਾਨ ਪਾਇਆ ਹੈ। ਯੂਨੀਵਰਸਿਟੀ ਨੇ ਵੱਖ-ਵੱਖ ਫਸਲਾਂ, ਸਬਜ਼ੀਆਂ, ਫਲਾਂ ਅਤੇ ਫੁੱਲਾਂ ਦੀਆਂ ਉੱਨਤ ਕਿਸਮਾਂ ਪੰਜਾਬ ਵਿਚ ਕਾਸ਼ਤ ਲਈ ਸਿਫਾਰਸ਼ ਕੀਤੀਆਂ ਹਨ। ਇਹ ਕਿਸਮਾਂ ਵੱਧ ਝਾੜ ਦੇਣ ਦੇ ਨਾਲ-ਨਾਲ ਬੀਮਾਰੀਆਂ ਅਤੇ ਕੀੜੇ-ਮਕੌੜਿਆਂ ਦਾ ਟਾਕਰਾ ਕਰਨ ਦੇ ਸਮਰੱਥ ਵੀ ਹਨ। ਇਹਨਾਂ ਕਿਸਮਾਂ ਦੇ ਚੰਗੀ ਗੁਣਵੱਤਾ ਵਾਲੇ ਬੀਜ ਫਸਲਾਂ ਦੇ ਝਾੜ ਵਧਾਉਣ ਵਿਚ ਮੱਦਦਗਾਰ ਸਾਬਿਤ ਹੁੰਦੇ ਹਨ। ਪਰ ਬਾਜਾਰ ਵਿਚੋਂ ਖਰੀਦ ਕੇ ਬੀਜੇ ਗੈਰ ਮਿਆਰੀ ਅਤੇ ਅਪ੍ਰਮਾਣਿਤ ਬੀਜ ਫਸਲਾਂ ਦਾ ਭਰਪੂਰ ਝਾੜ ਨਹੀਂ ਦੇ ਸਕਦੇ ਹਨ। ਸੋ ਵਧੇਰੇ ਝਾੜ ਅਤੇ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਲੋਂ ਫਸਲਾਂ ਦੇ ਪ੍ਰਮਾਣਿਤ ਅਤੇ ਮਿਆਰੀ ਬੀਜ ਕਿਸਾਨ ਵੀਰ ਇਨ੍ਹਾਂ ਕਿਸਾਨ ਮੇਲਿਆਂ ਵਿਚ ਖਰੀਦ ਸਕਦੇ ਹਨ। ਇਸਦੇ ਨਾਲ ਹੀ ਸਬਜ਼ੀਆਂ ਦੀਆਂ ਕਿੱਟਾਂ ਅਤੇ ਪਨੀਰੀਆਂ ਫਲਦਾਰ ਬੂਟੇ ਵੀ ਕਿਸਾਨ ਮੇਲਿਆਂ ਦੌਰਾਨ ਖਿੱਚ ਦਾ ਕੇਂਦਰ ਹੁੰਦੇ ਹਨ। ਕਿਸਾਨ ਮੇਲਿਆਂ ਵਿਚ ਵੱਖ-ਵੱਖ ਤਰ੍ਹਾਂ ਦੀਆਂ ਉਦਯੋਗਿਕ ਅਤੇ ਮਸ਼ੀਨਰੀ ਦੀਆਂ ਨੁਮਾਇਸ਼ਾਂ ਵਿਚ ਕਿਸਾਨ ਨਵੀਆਂ ਤਕਨੀਕਾਂ ਦੀ ਖੇਤੀ ਬਾਰੇ ਸਿੱਖ ਸਕਦੇ ਹਨ।

ਕਿਸਾਨ ਵੀਰ ਖੇਤੀ ਅਧਾਰਿਤ ਕਿੱਤੇ ਅਪਨਾ ਕੇ ਵੀ ਆਪਣੀ ਆਮਦਨ ਵਿਚ ਵਾਧਾ ਕਰ ਸਕਦੇ ਹਨ। ਖੇਤੀ ਦੇ ਨਾਲ-ਨਾਲ ਸ਼ਹਿਦ ਦੀਆਂ ਮੱਖੀਆਂ ਪਾਲਣਾ, ਖੁੰਬਾਂ ਦੀ ਕਾਸ਼ਤ, ਡੇਅਰੀ, ਮੁਰਗੀ ਪਾਲਣ, ਆਦਿ ਕਿੱਤੇ ਅਪਣਾ ਕੇ ਵੀ ਕਿਸਾਨ ਨਿਰੋਲ ਆਮਦਨ ਵਧਾ ਸਕਦੇ ਹਨ। ਕਿਸਾਨ ਵੀਰੋ, ਪੰਜਾਬ ਵਿਚ ਖੇਤੀ ਪੈਦਾਵਾਰ ਦੇ ਵਧਣ ਦੇ ਨਾਲ-ਨਾਲ ਕੁਦਰਤੀ ਵਾਤਾਵਰਣ ਅਤੇ ਪ੍ਰਕਿਰਤਿਕ ਸੰਤੁਲਨ ਵਿਚ ਵੀ ਵਿਗਾੜ ਪੈ ਰਿਹਾ ਹੈ। ਖੇਤੀ ਰਸਾਇਣਾਂ ਅਤੇ ਖਾਦਾਂ ਦੀ ਬੇਲੋੜੀ ਵਰਤੋਂ ਕਰਨ ਨਾਲ, ਜਿੱਥੇ ਸਾਡਾ ਵਾਤਾਵਰਣ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਰਿਹਾ ਹੈ, ਉੱਥੇ ਹੀ ਸਾਡੇ ਖੇਤੀ ਖਰਚਿਆਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਕਿਸਾਨ ਭਰਾਵਾਂ ਨੂੰ ਮੇਲੇ ਵਿਚ ਜਾ ਕੇ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਵੱਲੋਂ ਪਾਣੀ, ਖਾਦਾਂ ਅਤੇ ਰਸਾਇਣਾਂ ਦੀ ਸਹੀ ਵਰਤੋਂ ਸੰਬੰਧੀ ਸੁਝਾਏ ਗਏ ਤਕਨੀਕੀ ਨੁਕਤੇ ਸਮਝਣੇ, ਸਿੱਖਣੇ ਅਤੇ ਆਪਣੇ ਖੇਤਾਂ ਵਿਚ ਇਨ੍ਹਾਂ ਤਕਨੀਕਾਂ ਨੂੰ ਜ਼ਿੰਮੇਵਾਰੀ ਨਾਲ ਅਪਨਾਉਣੇ ਚਾਹੀਦੇ ਹਨ। ਇਸ ਲਈ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਦਰਸ਼ਿਤ ਖੇਤ ਨੁਮਾਇਸ਼ਾਂ ਵੀ ਖਿੱਚ ਦਾ ਕੇਂਦਰ ਹੁੰਦੀਆਂ ਹਨ।

ਕਿਸਾਨ ਅਤੇ ਕਿਸਾਨ ਬੀਬੀਆਂ ਦੇ ਸਵੈ ਸਹਾਇਤਾ ਸਮੂਹਾਂ ਦੀਆਂ ਪ੍ਰਦਰਸ਼ਨੀਆਂ ਵਿਚ ਖੇਤੀ ਅਧਾਰਿਤ ਪਦਾਰਥਾਂ ਦੀ ਵਿਕਰੀ ਹੁੰਦੀ ਹੈ। ਮੇਲੇ ਵਿਚ ਪੇਂਡੂ ਸੁਆਣੀਆਂ ਨੂੰ ਵੱਖ-ਵੱਖ ਵਿਸ਼ਿਆਂ ਸਬੰਧੀ ਜਾਣਕਾਰੀ ਦੇਣ ਲਈ ਸਟਾਲ ਵੀ ਲਾਏ ਜਾਂਦੇ ਹਨ ਜਿਵੇਂ ਕਿ ਕੱਪੜਿਆਂ ਦੀ ਕਟਾਈ, ਸਿਲਾਈ ਤੇ ਕਢਾਈ, ਕੱਪੜਿਆਂ ਦੀ ਰੰਗਾਈ, ਫੈਬਰਿਕ ਪੇਟਿੰਗ, ਆਚਾਰ, ਚੱਟਣੀਆਂ, ਸੁਕੈਸ਼, ਜੈਮ ਬਣਾਉਣਾ, ਪੌਸ਼ਟਿਕ ਭੋਜਨ ਬਣਾਉਣਾ, ਨਰਮ ਖਿਡੌਣੇ ਬਣਾਉਣੇ ਅਤੇ ਪੁਰਾਣੀਆਂ ਘਰੇਲੂ ਚੀਜ਼ਾਂ ਤੋਂ ਵਰਤੋਂਯੋਗ ਸਮਾਨ ਬਣਾਉਣਾ। ਇਸਦੇ ਇਲਾਵਾ ਪੇਂਡੂ ਸੁਆਣੀਆਂ ਨੂੰ ਪਰਿਵਾਰਿਕ ਸਿਹਤ ਬਰਕਰਾਰ ਰੱਖਣ ਦੇ ਨੁਕਤੇ ਵੀ ਸਿਖਾਏ ਜਾਂਦੇ ਹਨ।




ਕਿਸਾਨ ਭਰਾਵੋ, ਫਸਲਾਂ ਦੇ ਪੈਦਾਵਾਰ ਦੇ ਨਾਲ-ਨਾਲ ਆਪਣੇ ਆਪ ਨੂੰ ਖੇਤੀ ਜਿਣਸਾਂ ਦੇ ਮੰਡੀਕਰਨ ਪ੍ਰਤੀ ਵੀ ਸੁਚੇਤ ਕਰੋ ਅਤੇ ਸੁਚੱਜੇ ਮੰਡੀਕਰਨ ਦੇ ਨੁਕਤੇ ਅਪਨਾਓ। ਖੇਤੀ ਆਮਦਨ ਅਤੇ ਖੇਤੀ ਖਰਚਿਆਂ ਦੇ ਲੇਖੇ-ਜੋਖੇ ਲਈ ਵਹੀ ਖਾਤਾ ਜ਼ਰੂਰ ਲਾਓ। ਇਸ ਨਾਲ ਤੁਹਾਨੂੰ ਭਵਿੱਖ ਵਿਚ ਖੇਤੀ ਸਬੰਧੀ ਫੈਸਲੇ ਲੈਣ ਵਿਚ ਮੱਦਦ ਮਿਲੇਗੀ। ਮੇਲੇ ਵਿਚੋਂ ਕਿਸਾਨ ਵੀਰ ਪ੍ਰਦਰਸ਼ਨੀਆਂ ਵੇਖਣ ਅਤੇ ਮਿੱਟੀ-ਪਾਣੀ ਦੀ ਪਰਖ ਕਰਵਾਉਣ ਤੋਂ ਇਲਾਵਾ ਖੇਤੀ ਸਾਹਿਤ ਅਤੇ ਨਵੇਂ ਬੀਜ ਵੀ ਪ੍ਰਾਪਤ ਕਰ ਸਕਦੇ ਹਨ। ਮੇਲੇ ਦੌਰਾਨ ਯੂਨੀਵਰਸਿਟੀ ਦੇ ਵਿਹੜੇ ਵਿਚ ਆਏ ਕਿਸਾਨਾਂ ਦੀ ਸਹੂਲਤ ਦਾ ਵੀ ਪੂਰਾ ਖਿਆਲ ਰੱਖਿਆ ਜਾਂਦਾ ਹੈ। ਕਿਸਾਨ ਭਰਾ ਆਪਣਾ ਖਰੀਦਿਆ ਹੋਇਆ ਬੀਜ ਅਤੇ ਹੋਰ ਸਮਾਨ ਕੈਰੋ ਕਿਸਾਨ ਪਰ ਦੇ ਗੱਠੜੀ ਘਰ ਦੇ ਵਿਚ ਜਮ੍ਹਾਂ ਕਰਵਾ ਕੇ ਮੇਲੇ ਦਾ ਪੂਰਾ-ਪੂਰਾ ਆਨੰਦ ਮਾਣ ਸਕਦੇ ਹਨ। ਵਧਦੀ ਆਬਾਦੀ ਦੀਆਂ ਅਨਾਜ ਲੋੜਾਂ ਪੂਰੀਆਂ ਕਰਨ ਦੇ ਨਾਲ-ਨਾਲ ਆਉਣ ਵਾਲੀਆਂ ਪੀੜ੍ਹੀਆਂ ਲਈ ਸਿਹਤਮੰਦ ਜ਼ਮੀਨ, ਪੀਣ ਯੋਗ ਪਾਣੀ ਅਤੇ ਸਾਹ ਲੈਣ ਯੋਗ ਵਾਤਾਵਰਣ ਬਚਾ ਕੇ ਰੱਖਣਾ ਵੀ ਸਾਡੀ ਜ਼ਿੰਮੇਵਾਰੀ ਹੈ। ਸਮਾਂ ਆ ਗਿਆ ਹੈ ਕਿ ਅਸੀਂ ਨਿੱਜੀ ਸਵਾਰਥਾਂ ਨੂੰ ਛੱਡ ਕੇ ਆਪਣੇ ਪੰਜਾਬ ਦੇ ਭਵਿੱਖ ਨੂੰ ਜ਼ਹਿਰ ਰਹਿਤ, ਖੂਬਸੂਰਤ ਵਾਤਾਵਰਣ ਦੇਈਏ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕੋਸਣ ਦੀ ਬਜਾਏ ਖੁਸ਼ੀ-ਖੁਸ਼ੀ ਯਾਦ ਰੱਖਣ। **ਸੋ ਕਿਸਾਨ ਵੀਰੋ, ਇਹਨਾਂ ਮੇਲਿਆਂ ਵਿਚ ਵੱਧ ਚੜ੍ਹ ਕੇ ਹਾਜ਼ਰੀ ਭਰੋ ਅਤੇ ਨਵੀਨਤਮ ਖੇਤੀ ਤਕਨੀਕਾਂ ਦੇ ਹਾਣੀ ਬਣੋ।**

# ਹਲਦੀ ਦੀ ਸਫਲ ਪੈਦਾਵਾਰ ਅਤੇ ਸੁਚੱਜਾ ਮੰਡੀਕਰਨ

ਪਿਛਲੇ ਕੁਝ ਸਮੇਂ ਵਿਚ ਹਲਦੀ ਦੀ ਮੰਗ 'ਚ ਕਾਫੀ ਵਾਧਾ ਹੋਇਆ ਹੈ। ਹਲਦੀ ਦੀ ਮੰਗ ਵਧਣ ਪਿੱਛੇ ਇਕ ਅਹਿਮ ਕਾਰਨ ਬੀਮਾਰੀਆਂ ਦੇ ਇਲਾਜ ਲਈ ਇਸ ਦੀ ਵਰਤੋਂ ਹੁੰਦੀ ਹੈ। ਹਲਦੀ ਜੋ ਕਿ ਪੀਲਾ ਸੋਨਾ ਜਾਂ ਫਿਰ ਸੁਨਹਿਰੀ ਮਸਾਲੇ ਵਜੋਂ ਜਾਣਿਆ ਜਾਂਦਾ ਹੈ, ਭਾਰਤੀ ਖਿੱਤੇ ਵਿਚ ਪੈਦਾ ਹੋਣ ਵਾਲਾ ਇਕ ਅਹਿਮ ਖਾਧ ਪਦਾਰਥ ਹੈ। ਭਾਰਤ ਦੁਨੀਆਂ ਦੇ ਹਲਦੀ ਉਤਪਾਦਨ ਦਾ 80 ਪ੍ਰਤੀਸ਼ਤ ਪੈਦਾ ਕਰਦਾ ਹੈ। ਭਾਰਤ ਵਿਚ ਪੈਦਾ ਹੋਣ ਵਾਲੀ ਹਲਦੀ ਦਾ 80 ਫੀਸਦੀ ਇਥੇ ਹੀ ਖਪਤ ਹੋ ਜਾਂਦਾ ਹੈ। ਜਦ ਕਿ ਬਾਕੀ ਦਾ 20 ਪ੍ਰਤੀਸ਼ਤ ਨਿਰਯਾਤ ਕੀਤਾ ਜਾਂਦਾ ਹੈ,ਜੋ ਕਿ ਦੁਨੀਆਂ ਦੇ ਕੁੱਲ ਨਿਰਯਾਤ ਦਾ 67 ਪ੍ਰਤੀਸ਼ਤ ਬਣਦਾ ਹੈ।

ਭਾਰਤ ਵਿਚ ਸਭ ਤੋਂ ਵੱਧ ਹਲਦੀ ਦੱਖਣੀ ਭਾਰਤ ਵਿਚ ਪੈਦਾ ਹੁੰਦੀ ਹੈ। ਪੰਜਾਬ ਦੇ ਜ਼ਿਲ੍ਹੇ ਹੁਸ਼ਿਆਰਪੁਰ ਅਤੇ ਗੁਰਦਾਸਪੁਰ ਵਿਚ ਹਲਦੀ ਦੀ ਚੰਗੀ ਪੈਦਾਵਾਰ ਹੋ ਰਹੀ ਹੈ। ਪਰ ਦੱਖਣੀ ਭਾਰਤ ਦੇ ਮੁਕਾਬਲੇ ਪੰਜਾਬ ਵਿਚ ਹਲਦੀ ਦੀ ਪੈਦਾਵਾਰ ਨਾਮਾਤਰ ਹੈ। ਦੱਖਣੀ ਭਾਰਤ ਦੀਆਂ ਮੰਡੀਆਂ ਜਿਵੇਂ ਕਿ ਅਰੋਡ (ਤਾਮਿਲਨਾਡੂ) ਅਤੇ ਨਿਜ਼ਾਮਾਬਾਦ (ਤੇਲੰਗਾਨਾ) ਤੋਂ ਹਲਦੀ ਪੰਜਾਬ ਨਿਰਯਾਤ ਕੀਤੀ ਜਾਂਦੀ ਹੈ। ਪੰਜਾਬ ਵਿਚ ਹਲਦੀ ਦੀ ਗੁਣਵੱਤਾ ਤੈਅ ਕਰਨ ਵਾਲਾ ਕੁਰਕੁਮਿਨ ਔਸਤਨ 2.5 ਤੋਂ 3.5 ਪ੍ਰਤੀਸ਼ਤ ਤੱਕ ਪਾਇਆ ਜਾਂਦਾ ਹੈ। ਜੋ ਕਿ ਭਾਰਤੀ ਖਾਧ ਕਾਨੂੰਨ ਦੇ ਮੁਤਾਬਿਕ ਠੀਕ ਮੰਨਿਆ ਗਿਆ ਹੈ। ਮੁਨਾਫਾਖੋਰ ਆਪਣੀ ਆਮਦਨ ਨੂੰ ਵਧਾਉਣ ਲਈ ਖੁੱਲ੍ਹੇ ਵਿਚ ਮਿਲਣ ਵਾਲੀ ਹਲਦੀ ਵਿਚ ਕਈ ਵਾਰ ਮਿਲਾਵਟ ਕਰਦੇ ਹਨ। ਹਲਦੀ ਵਿਚ ਪੀਲਾ ਰੰਗ, ਚੌਲਾਂ ਦੇ ਟੋਟੇ ਅਤੇ ਬੇਹੀਆਂ ਰੋਟੀਆਂ ਦੀ ਮਿਲਾਵਟ ਆਮ ਹੈ।



ਹਲਦੀ 10 ਮਹੀਨੇ ਵਿਚ ਤਿਆਰ ਹੋਣ ਵਾਲੀ ਫਸਲ ਹੈ। ਪੰਜਾਬ ਵਿਚ ਇਸ ਦੀ ਬਿਜਾਈ ਮਾਰਚ ਅਖੀਰ ਤੋਂ ਲੈ ਕੇ ਅਪ੍ਰੈਲ ਅਖੀਰ ਤੱਕ ਕੀਤੀ ਜਾਂਦੀ ਹੈ। ਪੰਜਾਬ ਹਲਦੀ-1 ਅਤੇ ਪੰਜਾਬ ਹਲਦੀ-2 (ਕਰਕੁਮਿਨ >3%) ਕਿਸਮਾਂ ਕਾਫੀ ਪ੍ਰਚੱਲਿਤ ਹਨ। ਇਹ ਕਿਸਮਾਂ ਹਲਦੀ ਦੇ ਕਿਸਾਨਾਂ ਜਾਂ ਫਿਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਮਿਲ ਜਾਂਦੀਆਂ ਹਨ। ਛੇ ਤੋਂ ਸੱਤ ਕੁਇੰਟਲ ਗੰਢੀਆਂ ਇਕ ਏਕੜ ਦੀ ਬਿਜਾਈ ਲਈ ਕਾਫੀ ਹਨ। ਚਾਲੀ ਤੋਂ ਪੰਜਾਬ ਰੁਪਏ ਕਿਲੋ ਦੇ ਹਿਸਾਬ ਨਾਲ ਗੰਢੀਆਂ ਦਾ ਬੀਜ ਮਿਲ ਜਾਂਦਾ ਹੈ। ਹਲਦੀ ਦੀ ਬਿਜਾਈ ਵੱਟਾਂ ਤੇ ਕੀਤੀ ਜਾਂਦੀ ਹੈ।

ਹਲਦੀ ਦੀ ਪੈਦਾਵਾਰ ਵਿਚ 40 ਤੋਂ 45 ਹਜ਼ਾਰ ਇਕ ਏਕੜ ਦਾ ਖਰਚਾ ਆ ਜਾਂਦਾ ਹੈ। ਸਭ ਤੋਂ ਵੱਧ ਖਰਚਾ ਬੀਜ ਵਿਚ ਜਾਂਦਾ ਹੈ ਅਤੇ ਇਸ ਤੋਂ ਬਾਅਦ ਕਾਮਿਆਂ ਦੀ ਦਿਹਾੜੀ ਆਦਿ ਤੇ ਆਉਣ ਵਾਲੇ ਖਰਚੇ ਸਭ ਤੋਂ ਵੱਧ ਹਨ। ਇਕ ਏਕੜ ਵਿਚ 110 ਤੋਂ 120 ਕੁਇੰਟਲ ਕੱਚੀ ਹਲਦੀ ਦੀ ਪੈਦਾਵਾਰ ਹੋ ਜਾਂਦੀ ਹੈ। ਕੱਚੀ ਹਲਦੀ ਪ੍ਰੋਸੈਸਿੰਗ ਤੋਂ ਬਾਅਦ 12 ਤੋਂ 18 ਪ੍ਰਤੀਸ਼ਤ ਸੁੱਕੇ ਹਲਦੀ ਪਾਊਡਰ ਵਿਚ ਤਬਦੀਲ ਹੋ ਜਾਂਦੀ ਹੈ। ਕਿਸਾਨ ਵੱਲੋਂ ਤਿਆਰ ਕੀਤਾ ਹਲਦੀ ਪਾਊਡਰ ਪੰਜਾਬ ਵਿਚ 200 ਤੋਂ 250/- ਰੁਪਏ ਕਿਲੋ ਨਾਲ ਵਿਕਦਾ ਹੈ ਅਤੇ ਜੇਕਰ ਹਲਦੀ ਦੀ ਪੈਦਾਵਾਰ ਕੁਦਰਤੀ ਤਰੀਕੇ ਨਾਲ ਕੀਤੀ ਗਈ ਹੋਵੇ ਤਾਂ 300 ਤੋਂ 350/- ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਹਲਦੀ ਪਾਊਡਰ ਵਿਕ ਜਾਂਦਾ ਹੈ।

ਹਲਦੀ ਦੀ ਪੈਦਾਵਾਰ ਬਹੁਤ ਹੈ ਪਰ ਜਦੋਂ ਗੱਲ ਮੰਡੀਕਰਨ ਦੀ ਆਉਂਦੀ ਹੈ ਤਾਂ ਕਿਸਾਨਾਂ ਨੂੰ ਕਾਫੀ ਵਾਰ ਨਿਰਾਸ਼ਾ ਮਿਲਦੀ ਹੈ।

ਹਲਦੀ ਦੀ ਪੁਟਾਈ ਫਰਵਰੀ ਅਖੀਰ ਤੋਂ ਸ਼ੁਰੂ ਹੋ ਜਾਂਦੀ ਹੈ। ਜਦੋਂ ਹਲਦੀ ਦੇ ਪੱਤੇ ਪੀਲੇ ਹੋ ਜਾਣ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਪੁਟਾਈ ਲਈ ਹਲਦੀ ਤਿਆਰ ਹੈ। ਪੁਟਾਈ ਕਰਕੇ ਗੰਢੀਆਂ ਨੂੰ ਦੋ ਹਿੱਸਿਆਂ ਵਿਚ ਵੰਡ ਲਿਆ ਜਾਂਦਾ ਹੈ। ਇਕ ਗੋਲਾ (ਬੱਲਬ) ਅਤੇ ਦੂਜਾ ਫਿੰਗਰਸ। ਗੁਣਵੱਤਾ ਦੇ ਪੱਧਰ 'ਤੇ ਫਿੰਗਰਸ ਵਿਚ ਕਰਕੁਮਿਨ ਜ਼ਿਆਦਾ ਪਾਇਆ ਜਾਂਦਾ ਹੈ।

ਗੰਢੀਆਂ ਨੂੰ ਸਭ ਤੋਂ ਪਹਿਲਾਂ ਪਾਣੀ ਵਿਚ ਪਾ ਕੇ ਉਬਾਲਿਆ ਜਾਂਦਾ ਹੈ। ਉਬਾਲਣ ਤੋਂ ਬਾਅਦ ਗੰਢੀਆਂ ਨੂੰ ਧੁੱਪ ਵਿਚ ਸੁਕਾਇਆ ਜਾਂਦਾ ਹੈ। ਗੰਢੀਆਂ ਦੀ ਖੁਰਦਰੀ ਸਤ੍ਹਾ ਉਤਾਰਨ ਲਈ ਇਸ ਨੂੰ ਪਾਲਿਸ਼ ਮਸ਼ੀਨ ਵਿਚ ਪਾਇਆ ਜਾਂਦਾ ਹੈ। ਇਸ ਤੋਂ ਬਾਅਦ ਇਸ ਨੂੰ ਪੀਸ ਕੇ ਪਾਊਡਰ ਬਣਾ ਲਿਆ ਜਾਂਦਾ ਹੈ।

ਕਿਸਾਨ ਹਲਦੀ ਨੂੰ ਸਿੱਧਾ ਮੰਡੀ ਵਿਚ ਵੇਚਣ ਨਾਲੋਂ ਖੁਦ ਹਲਦੀ ਦਾ ਪਾਊਡਰ ਤਿਆਰ ਕਰਕੇ ਮੰਡੀ ਵਿਚ ਵੇਚਣ। ਇਸ ਲਈ ਪੈਕਿੰਗ ਅਤੇ ਤਰ੍ਹਾਂ-ਤਰ੍ਹਾਂ ਦੇ ਪਦਾਰਥ ਬਣਾ ਕੇ ਵੇਚਣਾ ਲਾਭਕਾਰੀ ਹੈ। ਜਿਵੇਂ ਕਿ ਹਲਦੀ ਦੇ ਲੱਡੂ, ਕੱਚੀ ਹਲਦੀ ਦਾ ਆਚਾਰ, ਹਲਦੀ ਦੁੱਧ ਵਾਲਾ ਪਾਊਡਰ ਆਦਿ ਸ਼ਾਮਲ ਹਨ ਤੇ ਜਿਸ ਦੀ ਮੰਡੀ ਵਿਚ ਕਾਫੀ ਮੰਗ ਹੈ।

ਇਸ ਤੋਂ ਇਲਾਵਾ ਪੰਜਾਬ ਨੂੰ ਹਲਦੀ ਵਿਚ ਆਤਮ ਨਿਰਭਰ ਬਣਾਉਣ ਲਈ ਕਿਸਾਨ ਘਰ ਦੀ ਖਪਤ ਜਿੰਨੀ ਹਲਦੀ ਘਰ ਵਿਚ ਹੀ ਉਗਾਉਣ। ਪੰਜ ਜੀਆਂ ਦੇ ਪਰਿਵਾਰ ਲਈ ਅੱਧੇ ਮਰਲੇ ਵਿਚ ਤਿਆਰ ਕੀਤੀ ਗਈ ਹਲਦੀ ਕਾਫੀ ਹੈ। ਇਥੇ ਇਹ ਗੱਲ ਸਪੱਸ਼ਟ ਹੈ ਕਿ ਜੇਕਰ ਹਲਦੀ ਦਾ ਸਹੀ ਮੰਡੀਕਰਨ ਕੀਤਾ ਜਾਵੇ ਤਾਂ ਕਿਸਾਨ ਚੰਗੀ ਆਮਦਨੀ ਹਾਸਲ ਕਰ ਸਕਦੇ ਹਨ ਅਤੇ ਖੇਤੀ ਵਿਭਿੰਨਤਾ ਵਿਚ ਆਪਣਾ ਯੋਗਦਾਨ ਦੇ ਸਕਦੇ ਹਨ।

**ਗੁਰਲਾਲ ਸਿੰਘ ਸਰਵਪ੍ਰਿਆ ਸਿੰਘ (ਪੀ. ਏ. ਯੂ.)**

# ਕਿਸਾਨਾਂ ਭਰਾਵਾਂ ਲਈ ਇਸ ਹਫਤੇ ਦੇ ਖੇਤੀ ਰੁਝੇਵੇਂ

**ਕਣਕ** : ਸਮੇਂ ਸਿਰ ਬੀਜੀ ਕਣਕ ਨੂੰ ਦਾਣੇ ਪੈਣ ਵੇਲੇ ਤਾਪਮਾਨ ਦੇ ਲੋੜ ਤੋਂ ਜ਼ਿਆਦਾ ਵਧੇ ਤੋਂ ਬਚਾਉਣ ਲਈ ਮੀਂਹ ਨੂੰ ਧਿਆਨ ਵਿਚ ਰੱਖਦੇ ਹੋਏ ਮਾਰਚ ਦੇ ਅਖੀਰ ਤੱਕ ਪਾਣੀ ਲਾਓ। ਸਮੇਂ ਸਿਰ ਬੀਜੀ ਕਣਕ ਵਿਚ ਜੇਕਰ ਗੋਭ ਵਾਲਾ ਪੱਤਾ ਬਾਹਰ ਨਿਕਲ ਆਇਆ ਹੈ ਤਾਂ 2% ਪੋਟਾਸ਼ੀਅਮ ਨਾਈਟ੍ਰੇਟ (13:0:45) (4 ਕਿਲੋਗਰਾਮ ਪੋਟਾਸ਼ੀਅਮ ਨਾਈਟ੍ਰੇਟ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਇਕ ਸਪਰੇਅ ਕਰੋ ਅਤੇ ਦੂਸਰੀ ਸਪਰੇਅ ਸਿੱਟੇ ਉੱਪਰ ਬੂਰ ਪੈਣ ਸਮੇਂ ਕਰੋ ਜਾਂ 15 ਗਰਾਮ ਸੈਲੀਸਿਲਕ ਏਸਿਡ ਨੂੰ 450 ਮਿਲੀਲਿਟਰ ਈਥਾਈਲ ਅਲਕੋਹਲ ਵਿਚ ਘੋਲਣ ਉਪਰੰਤ 200 ਲਿਟਰ ਪਾਣੀ ਵਿਚ ਘੋਲ ਕੇ ਪਹਿਲਾ ਛਿੜਕਾਅ ਗੋਭ ਵਾਲਾ ਪੱਤਾ ਨਿਕਲਣ ਸਮੇਂ ਅਤੇ ਦੂਸਰਾ ਸਿੱਟੇ ਵਿਚ ਦੁੱਧ ਪੈਣ ਸਮੇਂ ਕਰੋ। ਇਨ੍ਹਾਂ ਦਿਨਾਂ ਵਿਚ ਕਣਕ ਦੀ ਫਸਲ ਦਾ ਲਗਾਤਾਰ ਸਰਵੇਖਣ ਕਰੋ। ਜੇਕਰ ਪੀਲੀ ਕੁੰਗੀ ਦਾ ਹਮਲਾ ਨਜ਼ਰ ਆਵੇ ਤਾਂ ਫਸਲ ਤੇ 200 ਮਿਲੀਲਿਟਰ ਗ੍ਰਾਮ ਪੈਕਟ ਐਕਸਟਰਾ / ਕਸਟੋਡੀਆ / ਕੈਵੀਅਟ / ਓਪੇਰਾ / ਟਿਲਟ / ਸਿਟਲਟ / ਬੰਪਰ / ਸ਼ਾਈਨ / ਮਾਰਕਜ਼ੋਲ ਨੂੰ 200 ਲਿਟਰ ਪਾਣੀ ਵਿਚ ਪਾ ਕੇ ਛਿੜਕਾਅ ਸਾਫ ਮੌਸਮ ਹੋਣ ਤੇ ਕਰੋ। ਕਣਕ ਦੀ ਫਸਲ ਉੱਤੇ ਚੇਪੇ ਦੇ ਹਮਲੇ ਦਾ ਲਗਾਤਾਰ ਸਰਵੇਖਣ ਕਰੋ। ਜੇਕਰ 5 ਚੇਪੇ ਪ੍ਰਤੀ ਸਿੱਟਾ ਹੋਣ (ਇੱਕ ਏਕੜ ਖੇਤ ਦੇ ਹਰੇਕ ਚਾਰ ਹਿੱਸਿਆਂ ਵਿੱਚੋਂ ਚੁਣੇ 10-10 ਸਿੱਟਿਆਂ ਦੇ ਆਧਾਰ ਤੇ) ਤਾਂ ਇਨ੍ਹਾਂ ਦੀ ਰੋਕਥਾਮ ਲਈ 2 ਲਿਟਰ ਘਰ ਬਣਾਏ ਨਿੰਮ ਦੇ ਘੋਲ ਦੇ ਹਫਤੇ-ਹਫਤੇ ਦੇ ਵਕਫੇ ਤੇ ਦੋ ਛਿੜਕਾਅ ਜਾਂ 20 ਗ੍ਰਾਮ ਐਕਟਾਰਾ/ਤਾਇਓ 25 ਡਬਲਯੂ ਜੀ (ਥਾਇਆਮੈਥੋਕਸਮ)ਦਾ ਇਕ ਛਿੜਕਾਅ, 80-100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਨੈਪਸੈਕ ਪੰਪ ਨਾਲ ਕਰੋ।

**ਕਮਾਦ** : ਸਿਫਾਰਸ਼ ਕੀਤੀਆਂ ਕਿਸਮਾਂ ਸੀ ਓ ਪੀ ਬੀ-96, ਸੀ ਓ ਪੀ ਬੀ-95, ਸੀ ਓ ਪੀ ਬੀ-92, ਸੀ ਓ-15023, ਸੀ ਓ-118, ਸੀ ਓ ਜੇ-85, ਸੀ ਓ ਜੇ-64 (ਅਗੇਤੀਆਂ ਕਿਸਮਾਂ) ਸੀ ਓ ਪੀ ਬੀ-98 ਸੀ ਓ ਪੀ ਬੀ-94, ਸੀ ਓ ਪੀ ਬੀ-93, ਸੀ ਓ ਪੀ ਬੀ-91, ਸੀ ਓ-238 ਅਤੇ ਸੀ ਓ ਜੇ-88 (ਦਰਮਿਆਨੀ, ਪਿਛੇਤੀ ਪੱਕਣ ਵਾਲੀਆਂ) ਦੀ ਬਿਜਾਈ ਇਸ ਮਹੀਨੇ ਕਰ ਲਵੋ। ਮੌਸਮੀ ਨਦੀਨਾਂ ਦੀ ਰੋਕਥਾਮ ਲਈ 800 ਗ੍ਰਾਮ ਪ੍ਰਤੀ ਏਕੜ ਐਟਰਾਟਾਫ 50 ਡਬਲਯੂ ਪੀ ਜਾਂ ਸੈਨਕੋਰ 70 ਡਬਲਯੂ ਪੀ ਜਾਂ ਕਾਰਮੈਕਸ/ਕਲਾਸ 80 ਡਬਲਯੂ ਪੀ ਕਮਾਦ ਦੀ ਫਸਲ ਬੀਜਣ ਤੋਂ 2-3 ਦਿਨਾਂ ਦੇ ਅੰਦਰ 200 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ।

**ਹਰੇ ਚਾਰੇ** : ਅਗੇਤੇ ਚਾਰੇ ਦੀ ਬਿਜਾਈ ਦਾ ਇਹ ਢੁੱਕਵਾਂ ਸਮਾਂ ਹੈ। ਇਨ੍ਹਾਂ ਚਾਰਿਆਂ ਵਿੱਚੋਂ ਮੱਕੀ, ਚਰੀ, ਬਾਜਰਾ, ਗਿੰਨੀ ਘਾਹ ਅਤੇ ਨੇਪੀਅਰ ਬਾਜਰਾ ਆਉਂਦੇ ਹਨ ਜੋ ਕਿ ਹਰੇ ਚਾਰੇ ਦੀ ਕਮੀ ਵਾਲੇ ਸਮੇਂ ਚੰਗੀ ਕਵਾਲਿਟੀ ਦਾ ਹਰਾ ਚਾਰਾ ਦਿੰਦੇ ਹਨ। ਬੀਜ ਲਈ ਰੱਖੇ ਬਰਸੀਮ ਦੇ ਖੇਤ ਵਿੱਚੋਂ ਕਾਸ਼ਨੀ ਨਦੀਨ ਪੁੱਟ ਦਿਓ।

**ਤੇਲ ਬੀਜ** : ਚੇਪੇ ਦੇ ਹਮਲੇ ਤੋਂ ਬਚਾਉਣ ਲਈ 40 ਗ੍ਰਾਮ ਐਕਟਾਰਾ 25 ਤਾਕਤ ਜਾਂ 400 ਮਿਲੀਲਿਟਰ ਰੋਗਰ 30 ਤਾਕਤ ਜਾਂ 600 ਮਿਲੀਲਿਟਰ ਡਰਸਬਾਨ/ਕੋਰੋਬਾਨ 20 ਤਾਕਤ ਨੂੰ 80-125 ਲਿਟਰ ਪਾਣੀ ਵਿਚ ਪਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਰੋਗਰ ਸੁਰੰਗੀ ਕੀੜੇ ਦੀ ਰੋਕਥਾਮ ਵੀ ਕਰੇਗੀ।

**ਬਾਗਬਾਨੀ** : ਸਦਾਬਹਾਰ ਫਲਦਾਰ ਬੂਟਿਆਂ ਖਾਸ ਕਰਕੇ ਛੋਟੇ ਬੂਟਿਆਂ ਨੂੰ ਠੰਡ ਤੋਂ ਬਚਾਉਣ ਲਈ ਸ਼ੈਰੇ ਹੌਲੀ-ਹੌਲੀ ਉਤਾਰਨੇ ਸ਼ੁਰੂ ਕਰੋ,

**ਬਾਕੀ ਸਫਾ 14 'ਤੇ**




# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 10
ਮਿਤੀ 09-03-2024

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab
Market, Gaushala Road, PATIALA &
Published at Patiala for Prop. JAGPREET SINGH


# ਪੋਸ਼ਣ ਸੁਰੱਖਿਆ ਲਈ ਜ਼ਰੂਰੀ ਹੈ ਕਿਸਾਨ ਸੰਘਰਸ਼ ਦਾ ਸਮਰਥਨ

ਡਾ. ਅਰੁਣ ਮਿੱਤਰਾ, ਮੋ. 94170-00360

**ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਐੱਸ ਐੱਸ ਗੋਸਲ ਨੇ ਕਿਸਾਨਾਂ ਦੀ ਮੰਗ ਦਾ ਸਮਰਥਨ ਕੀਤਾ; ਕਿਉਂਕਿ ਇਸ ਨਾਲ ਫਸਲਾਂ ਦੀ ਵਿਭਿੰਨਤਾ 'ਚ ਮਦਦ ਮਿਲੇਗੀ। ਕਿਸਾਨਾਂ ਨੂੰ ਮੁੱਢਲੀ ਆਮਦਨ ਦਿੱਤੇ ਬਿਨਾਂ ਖੇਤੀ ਵਿਭਿੰਨਤਾ ਅਪਣਾਉਣ ਲਈ ਰਾਜ਼ੀ ਕਰਨਾ ਸੰਭਵ ਨਹੀਂ ਹੈ। ਜੇਕਰ ਵਿਭਿੰਨਤਾ ਨੂੰ ਕਾਮਯਾਬ ਕਰਨਾ ਹੈ ਤਾਂ ਅਸੀਂ ਪੰਜਾਬ 'ਚ ਉਗਾਈਆਂ ਜਾਂਦੀਆਂ ਸਾਰੀਆਂ ਫਸਲਾਂ 'ਤੇ ਯਕੀਨੀ ਘੱਟੋ-ਘੱਟ ਸਮਰਥਨ ਮੁੱਲ ਚਾਹੁੰਦੇ ਹਾਂ, ਇਹ ਗੱਲ ਉਨ੍ਹਾਂ ਨੇ 16 ਫਰਵਰੀ 2024 ਨੂੰ ਇੰਡੀਅਨ ਐਕਸਪ੍ਰੈੱਸ ਨੂੰ ਇਕ ਇੰਟਰਵਿਊ 'ਚ ਕਹੀ।**

ਕਿਸੇ ਵਿਅਕਤੀ ਅਤੇ ਸਮਾਜ ਦੇ ਸਰਵਪੱਖੀ ਵਿਕਾਸ ਲਈ ਪੌਸ਼ਟਿਕ ਖੁਰਾਕ ਸੁਰੱਖਿਆ ਜ਼ਰੂਰੀ ਹੈ। ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ ਵਿਅਕਤੀ ਹੀ ਦੇਸ਼ ਦੀ ਤਰੱਕੀ ਲਈ ਯੋਗਦਾਨ ਪਾ ਸਕਦਾ ਹੈ। ਇਸ ਲਈ ਇਹ ਲਾਜ਼ਮੀ ਹੈ ਕਿ ਪੌਸ਼ਣ ਸੁਰੱਖਿਆ 'ਚ ਯੋਗਦਾਨ ਪਾਉਣ ਵਾਲੇ ਵੱਖ-ਵੱਖ ਕਾਰਕਾ ਨੂੰ ਪੂਰਾ ਕੀਤਾ ਜਾਣਾ ਚਾਹੀਦਾ ਹੈ। ਇਨ੍ਹਾਂ ਵਿਚ ਚੰਗੀਆਂ ਰਹਿਣ-ਸਹਿਣ ਦੀਆਂ ਸਥਿਤੀਆਂ, ਸਿਹਤਮੰਦ ਕੰਮ ਕਰਨ ਵਾਲਾ ਵਾਤਾਵਰਨ, ਖਰੀਦ ਸਮਰੱਥਾ ਨੂੰ ਯਕੀਨੀ ਬਣਾਉਣ ਲਈ ਲੋੜੀਂਦਾ ਮਿਹਨਤਾਨਾ, ਫਸਲੀ ਵਿਭਿੰਨਤਾ, ਨਿਆਂ ਅਤੇ ਸਮਾਨਤਾ 'ਤੇ ਆਧਾਰਿਤ ਵਪਾਰ ਪ੍ਰਣਾਲੀ ਆਦਿ ਸ਼ਾਮਿਲ ਹਨ। ਸਰਕਾਰ ਨਾਗਰਿਕਾਂ ਦੀ ਪੌਸ਼ਣ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੈ। 'ਸਟੇਟ ਆਫ ਵਰਕਿੰਗ ਇੰਡੀਆ' ਰਿਪੋਰਟ ਦੇ ਅਨੁਸਾਰ, 82 ਫੀਸਦੀ ਪੁਰਸ਼ ਅਤੇ 92 ਫੀਸਦੀ ਮਹਿਲਾ ਕਰਮਚਾਰੀ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਤੋਂ ਘੱਟ ਕਮਾਉਂਦੇ ਹਨ। ਟਰੇਡ ਯੂਨੀਅਨਾਂ ਵਲੋਂ ਇਕ ਵਿਅਕਤੀ ਦੀਆਂ ਘੱਟੋ-ਘੱਟ ਲੋੜਾਂ ਪੂਰੀਆਂ ਕਰਨ ਲਈ ਘੱਟੋ-ਘੱਟ ਉਜਰਤ ਵਜੋਂ 26 ਹਜ਼ਾਰ ਰੁਪਏ ਪ੍ਰਤੀ ਮਹੀਨਾ ਦੀ ਮੰਗ ਕੀਤੀ ਜਾ ਰਹੀ ਹੈ। ਉਹ ਸਿਹਤਮੰਦ ਰਹਿਣ ਦੀਆਂ ਸਥਿਤੀਆਂ ਅਤੇ ਚੰਗੇ ਕੰਮ ਕਰਨ ਵਾਲੇ ਮਾਹੌਲ ਨੂੰ ਯਕੀਨੀ ਬਣਾਉਣ ਲਈ ਕਾਨੂੰਨਾਂ ਦੀ ਮੰਗ ਵੀ ਕਰ ਰਹੇ ਹਨ। ਵੱਖ-ਵੱਖ ਸਕੀਮਾਂ ਬਣਾਉਣ ਦੀ ਲੋੜ ਹੈ। ਪਰ ਸਥਿਤੀਆਂ ਅਨੁਕੂਲ ਨਹੀਂ ਹਨ। ਆਉਣ ਵਾਲੇ ਸਾਲਾਂ 'ਚ ਭਾਰਤ 'ਚ ਬੇਰੁਜ਼ਗਾਰੀ ਵਧਣ ਦੀ ਸੰਭਾਵਨਾ ਹੈ। ਆਰਥਿਕ ਸਹਿਯੋਗ ਅਤੇ ਵਿਕਾਸ ਸੰਗਠਨ (ਓ. ਈ. ਸੀ. ਡੀ.) ਨੇ 2018 'ਚ ਭਵਿੱਖਬਾਣੀ ਕੀਤੀ ਸੀ ਕਿ ਭਾਵੇਂ ਦੇਸ਼ ਦੀ ਆਰਥਿਕਤਾ ਇਕ ਸਿਹਤਮੰਦ ਦਰ ਨਾਲ ਵਧਦੀ ਰਹੇ ਤਾਂ ਵੀ ਭਾਰਤ ਦੀ ਬੇਰੁਜ਼ਗਾਰੀ ਦਰ 2024 ਤੱਕ 4 ਫੀਸਦੀ ਤੋਂ 8 ਫੀਸਦੀ ਤੱਕ ਦੁੱਗਣੀ ਹੋ ਜਾਵੇਗੀ।

ਸੈਂਟਰ ਫਾਰ ਮਾਨੀਟਰਿੰਗ ਇੰਡੀਅਨ ਇਕਾਨਮੀ (ਸੀ. ਐੱਮ. ਆਈ. ਈ.) ਨਾਂਅ ਦੀ ਇਕ ਪ੍ਰਾਈਵੇਟ ਏਜੰਸੀ, ਜੋ ਭਾਰਤ ਦੀ ਰੋਜ਼ਾਨਾ ਅਤੇ ਮਹੀਨਾਵਾਰ ਬੇਰੁਜ਼ਗਾਰੀ ਦਰ ਪ੍ਰਕਾਸ਼ਿਤ ਕਰਦੀ ਹੈ, ਦੇ ਅਨੁਸਾਰ 2024 ਵਿਚ ਸਾਡੀ ਬੇਰੁਜ਼ਗਾਰੀ ਦਰ 7.70 ਫੀਸਦੀ ਹੈ। ਸ਼ਹਿਰੀ ਭਾਰਤ 'ਚ ਇਹ 8.60 ਫੀਸਦੀ ਹੈ ਜਦੋਂ ਕਿ ਪੇਂਡੂ ਭਾਰਤ 'ਚ ਇਹ 7.30 ਫੀਸਦੀ ਹੈ। ਇਹ ਵੀ ਨੋਟ ਕੀਤਾ ਜਾ ਸਕਦਾ ਹੈ ਕਿ ਵਿਸ਼ਵ ਪੱਧਰ 'ਤੇ 50 ਫੀਸਦੀ ਦੇ ਮੁਕਾਬਲੇ ਭਾਰਤ 'ਚ ਔਰਤਾਂ ਦਾ ਕਾਰਜਬਲ (ਲੇਬਰ ਫੋਰਸ) ਕੇਵਲ 37 ਫੀਸਦੀ ਹੈ। ਇਹ ਰਿਪੋਰਟਾਂ ਉਨ੍ਹਾਂ ਅੰਕੜਿਆਂ ਦੀ ਪੁਸ਼ਟੀ ਕਰਦੀਆਂ ਹਨ, ਜਿਨ੍ਹਾਂ ਨੇ ਭੁੱਖਮਰੀ ਦੇ ਸੂਚਕ ਅੰਕ-ਗਲੋਬਲ ਹੰਗਰ ਇੰਡੈਕਸ 'ਚ ਭਾਰਤ ਨੂੰ 125 ਦੇਸ਼ਾਂ 'ਚੋਂ 111 ਰੈਂਕ 'ਤੇ ਘੋਸ਼ਿਤ ਕੀਤਾ ਹੈ; ਕਿਉਂਕਿ ਇੰਨੀ ਘੱਟ ਮਜ਼ਦੂਰੀ ਅਤੇ ਉੱਚ ਬੇਰੁਜ਼ਗਾਰੀ ਦਰ ਨਾਲ ਪੌਸ਼ਟਿਕ ਖੁਰਾਕ ਲੈਣੀ ਸੰਭਵ ਨਹੀਂ ਹੈ। ਇਹ ਬਹੁਤ ਚਿੰਤਾ ਦਾ ਵਿਸ਼ਾ ਹੈ। ਇਹ ਹੈ ਕਿ 80 ਕਰੋੜ ਲੋਕਾਂ, ਜੋ ਕਿ ਆਬਾਦੀ ਦਾ ਲਗਭਗ 60 ਫੀਸਦੀ ਹੈ, ਨੂੰ 5 ਕਿਲੋ ਅਨਾਜ ਅਤੇ ਇਕ ਕਿੱਲੋ ਗ੍ਰਾਮ ਦਾਲ ਸਪਲਾਈ ਕਰਨ ਦੀ ਜ਼ਰੂਰਤ ਪੈ ਰਹੀ ਹੈ, ਇਹ ਘੋਰ ਗਰੀਬੀ ਦਾ ਪ੍ਰਤੀਬਿੰਬ ਹੈ। ਅਨਾਜ ਅਤੇ ਦਾਲ ਦੀ ਸਪਲਾਈ ਉਨ੍ਹਾਂ ਦਾ ਪੇਟ ਭਰ ਸਕਦੀ ਹੈ ਪਰ ਉਨ੍ਹਾਂ ਦੇ ਸਾਰੇ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਜ਼ਰੂਰੀ ਸੂਖਮ ਪੌਸ਼ਟਿਕ ਤੱਤਾਂ ਦੀਆਂ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰ ਸਕਦੀ।

ਇਕ ਸੰਤੁਲਿਤ ਪੌਸ਼ਟਿਕ ਖੁਰਾਕ ਦਾ ਮਤਲਬ ਹੈ ਪ੍ਰੋਟੀਨ, ਚਰਬੀ, ਕਾਰਬੋਹਾਈਡਰੇਟ ਅਤੇ ਵਿਟਾਮਿਨ ਤੇ ਖਣਿਜਾਂ ਦੇ ਰੂਪ 'ਚ ਸੂਖਮ ਪੌਸ਼ਟਿਕ ਤੱਤਾਂ ਦੀ ਲੋੜੀਂਦੀ ਮਾਤਰਾ। ਭੋਜਨ, ਗ੍ਰਹਿ ਅਤੇ ਸਿਹਤ ਬਾਰੇ ਈਟ-ਲੈਂਸੇਟ ਕਮਿਸ਼ਨ ਦੁਆਰਾ ਸੁਝਾਏ ਗਏ ਪਲੈਨੇਟਰੀ ਹੈਲਥ ਡਾਈਟ ਅਨੁਸਾਰ ਰੋਜ਼ਾਨਾ ਭੋਜਨ 'ਚ ਮੇਵੇ : 50 ਗ੍ਰਾਮ, ਫਲੀਦਾਰ (ਦਾਲਾਂ, ਬੀਨਜ) : 75 ਗ੍ਰਾਮ, ਮੱਛੀ : 28 ਗ੍ਰਾਮ, ਅੰਡੇ : 13 ਗ੍ਰਾਮ/ਦਿਨ (ਇਕ ਅੰਡਾ ਪ੍ਰਤੀ ਹਫਤੇ), ਮੀਟ : 14 ਗ੍ਰਾਮ/ਚਿਕਨ : 29 ਗ੍ਰਾਮ; ਕਾਰਬੋਹਾਈਡਰੇਟ : ਪੂਰੇ ਅਨਾਜ ਦੀ ਰੋਟੀ ਅਤੇ ਚੌਲ, 232 ਗ੍ਰਾਮ; ਕਾਰਬੋਹਾਈਡਰੇਟ : 50 ਗ੍ਰਾਮ, ਸਟਾਰਚ ਵਾਲੀਆਂ ਸਬਜ਼ੀਆਂ ਜਿਵੇਂ ਆਲੂ, ਡੇਅਰੀ : 250 ਗ੍ਰਾਮ, ਸਬਜ਼ੀਆਂ : 300 ਗ੍ਰਾਮ (ਗੈਰ ਸਟਾਰਚੀ ਸਬਜ਼ੀਆਂ) ਅਤੇ 200 ਗ੍ਰਾਮ ਫਲ ; ਹੋਰ : 31 ਗ੍ਰਾਮ ਚੀਨੀ ਅਤੇ ਖਾਣਾ ਪਕਾਉਣ ਵਾਲਾ ਤੇਲ : 50 ਗ੍ਰਾਮ ਸ਼ਾਮਿਲ ਹੋਣੇ ਚਾਹੀਦੇ ਹਨ।



ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਨੇ ਵੀ ਭਾਰਤੀਆਂ ਲਈ ਇਸੇ ਤਰ੍ਹਾਂ ਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ।

ਮੌਜੂਦਾ ਬਾਜ਼ਾਰੀ ਕੀਮਤ 'ਤੇ ਪ੍ਰਤੀ ਵਿਅਕਤੀ ਇਸ ਭੋਜਨ ਦੀ ਕੀਮਤ ਲਗਭਗ 200 ਰੁਪਏ ਪ੍ਰਤੀ ਦਿਨ ਬਣਦੀ ਹੈ। ਇਸ ਦਾ ਮਤਲਬ ਹੈ ਕਿ ਪੰਜ ਮੈਂਬਰਾਂ ਵਾਲੇ ਪਰਿਵਾਰ ਨੂੰ ਇਕ ਹਜ਼ਾਰ ਰੁਪਏ ਪ੍ਰਤੀ ਦਿਨ ਜਾਂ 30 ਹਜ਼ਾਰ ਰੁਪਏ ਪ੍ਰਤੀ ਮਹੀਨਾ ਭੋਜਨ 'ਤੇ ਹੀ ਖਰਚ ਕਰਨਾ ਚਾਹੀਦਾ ਹੈ। ਨੀਤੀਗਤ ਢਾਂਚੇ 'ਚ ਤਬਦੀਲੀਆਂ ਲਿਆਉਣ ਦੀ ਲੋੜ ਹੈ ਤਾਂ ਜੋ ਲੋਕਾਂ ਦੀ ਆਮਦਨ ਲੋੜੀਂਦੇ ਪੱਧਰ ਤੱਕ ਵਧੇ। ਇਸ ਤੋਂ ਇਲਾਵਾ ਉਨ੍ਹਾਂ ਫਸਲਾਂ ਦੇ ਉਤਪਾਦਨ ਨੂੰ ਵਧਾਉਣਾ ਵੀ ਜ਼ਰੂਰੀ ਹੈ, ਜੋ ਕਿ ਮੁਕਾਬਲਤਨ ਸਸਤੀ ਕੀਮਤ 'ਤੇ ਪੌਸ਼ਟਿਕ ਭੋਜਨ ਪ੍ਰਦਾਨ ਕਰਨ 'ਚ ਮਦਦ ਕਰਦੀਆਂ ਹਨ। ਫਸਲੀ ਵਿਭਿੰਨਤਾ ਇਸ 'ਚ ਮਦਦ ਕਰ ਸਕਦੀ ਹੈ। ਇਸ ਲਈ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਘੱਟੋ-ਘੱਟ ਸਮਰਥਨ ਮੁੱਲ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਐੱਸ ਐੱਸ ਗੋਸਲ ਨੇ ਕਿਸਾਨਾਂ ਦੀ ਮੰਗ ਦਾ ਸਮਰਥਨ ਕੀਤਾ ; ਕਿਉਂਕਿ ਇਸ ਨਾਲ ਫਸਲਾਂ ਦੀ ਵਿਭਿੰਨਤਾ 'ਚ ਮਦਦ ਮਿਲੇਗੀ। ਕਿਸਾਨਾਂ ਨੂੰ ਮੁੱਢਲੀ ਆਮਦਨ ਦਿੱਤੇ ਬਿਨਾਂ ਖੇਤੀ ਵਿਭਿੰਨਤਾ ਅਪਣਾਉਣ ਲਈ ਰਾਜ਼ੀ ਕਰਨਾ ਸੰਭਵ ਨਹੀਂ ਹੈ। ਜੇਕਰ ਵਿਭਿੰਨਤਾ ਨੂੰ ਕਾਮਯਾਬ ਕਰਨਾ ਹੈ ਤਾਂ ਅਸੀਂ ਪੰਜਾਬ 'ਚ ਉਗਾਈਆਂ ਜਾਂਦੀਆਂ ਸਾਰੀਆਂ ਫਸਲਾਂ 'ਤੇ ਯਕੀਨੀ ਘੱਟੋ-ਘੱਟ ਸਮਰਥਨ ਮੁੱਲ ਚਾਹੁੰਦੇ ਹਾਂ, ਇਹ ਗੱਲ ਉਨ੍ਹਾਂ ਨੇ 16 ਫਰਵਰੀ 2024 ਨੂੰ ਇੰਡੀਅਨ ਐਕਸਪ੍ਰੈੱਸ ਨੂੰ ਇਕ ਇੰਟਰਵਿਊ 'ਚ ਕਹੀ।

ਸਰਕਾਰ ਵਲੋਂ ਇਹ ਪਰਚਾਰਿਆ ਜਾ ਰਿਹਾ ਹੈ ਕਿ ਵੱਧ ਕੀਮਤ 'ਤੇ ਕਿਸਾਨਾਂ ਦੀ ਉਪਜ ਦੀ ਖਰੀਦ ਕਰਨਾ ਮੁਸ਼ਕਿਲ ਹੋਵੇਗਾ; ਕਿਉਂਕਿ ਇਸ ਨਾਲ ਸਰਕਾਰ 'ਤੇ ਬੋਝ ਵਧੇਗਾ। ਸਾਡੇ ਦੇਸ਼ ਦੇ ਇਕ ਪ੍ਰਮੁੱਖ ਅਰਥ ਸ਼ਾਸਤਰੀ ਪ੍ਰੋਫੈਸਰ ਅਰੁਣ ਕੁਮਾਰ ਦਾ ਕਹਿਣਾ ਹੈ ਕਿ ਇਹ ਗਲਤ ਹੈ। 'ਸਰਕਾਰ ਜੋ ਵੀ ਖਰੀਦੇਗੀ, ਉਹ ਬਾਜ਼ਾਰ 'ਚ ਵੇਚੇਗੀ, ਇਸ ਲਈ ਇਸ ਨੂੰ ਸਿਰਫ ਕਾਰਜਸ਼ੀਲ ਪੂੰਜੀ ਦੀ ਜ਼ਰੂਰੀ ਹੋਏਗੀ, ਜੋ ਕਿ 10 ਲੱਖ ਕਰੋੜ ਰੁਪਏ ਦਾ ਇਕ ਹਿੱਸਾ ਮਾਤਰ ਹੋਵੇਗੀ।'

ਸਾਡੇ ਦੇਸ਼ 'ਚ ਭੋਜਨ ਸੁਰੱਖਿਆ ਲਈ ਜਨਤਕ ਭੰਡਾਰ ਬਣਾਉਣ ਦੇ (ਪੀ. ਐੱਸ. ਐੱਚ) ਪ੍ਰੋਗਰਾਮਾਂ ਲਈ ਸਥਾਈ ਹੱਲ ਦੀ ਲੋੜ ਹੈ, ਜਿਸ 'ਚ ਐੱਮ ਐੱਸ. ਪੀ. ਇਕ ਮਹੱਤਵਪੂਰਨ ਹਿੱਸਾ ਹੈ। ਵਿਕਸਤ ਦੇਸ਼ ਲਗਾਤਾਰ ਵਿਕਾਸਸ਼ੀਲ ਦੇਸ਼ਾਂ 'ਤੇ ਖੇਤੀ 'ਤੇ ਸਬਸਿਡੀਆਂ ਘਟਾਉਣ ਲਈ ਦਬਾਅ ਪਾਉਂਦੇ ਰਹੇ ਹਨ। ਸਾਡੇ ਕਿਸਾਨਾਂ ਦੇ ਸਮਰਥਨ ਲਈ ਅਤੇ ਸਾਡੇ ਲੋਕਾਂ ਦੀ ਪੋਸ਼ਣ ਸੁਰੱਖਿਆ ਨੂੰ ਪੂਰਾ ਕਰਨ ਲਈ ਕਨੂੰਨ ਬਣਾਉਣ ਵਾਸਤੇ ਵਿਕਸਤ ਦੇਸ਼ਾਂ ਦੇ ਦਬਾਅ ਦਾ ਵਿਰੋਧ ਕਰਨਾ ਪਏਗਾ। ਆਬੂਧਾਬੀ ਵਿਚ ਡਬਲਿਊ. ਟੀ. ਓ. ਦੀ ਆਉਣ ਵਾਲੀ 13ਵੀਂ ਮੰਤਰੀ ਪੱਧਰੀ ਕਾਨਫਰੰਸ ਭਾਰਤ ਲਈ ਆਪਣੇ ਦੇਸ਼ ਦੇ ਲੋਕਾਂ ਦੀਆਂ ਮੰਗਾਂ ਮਨਵਾਉਣ ਅਤੇ ਵਿਕਾਸਸ਼ੀਲ ਦੇਸ਼ਾਂ ਦੀ ਅਗਵਾਈ ਕਰਨ ਦਾ ਇਕ ਮੌਕਾ ਹੈ। ਵਿਕਸਤ ਸੰਸਾਰ ਦੁਆਰਾ ਸਖਤ ਸਾਜਿਸ਼ਾਂ ਦੀਆਂ ਹਾਲਤਾਂ 'ਚ ਸਾਨੂੰ ਇਕ ਬਹੁਪੱਖੀ ਵਪਾਰ ਸਮਝੌਤੇ ਲਈ ਵਿਕਾਸਸ਼ੀਲ ਦੇਸ਼ਾਂ ਨੂੰ ਗੁੱਟ ਨਿਰਲੇਪ ਅੰਦੋਲਨ (ਐਨ. ਏ. ਐਮ.) ਦੇ ਤਹਿਤ ਜਿਸ 'ਚ 120 ਮੈਂਬਰ, 17 ਆਬਜ਼ਰਵਰ ਦੇਸ਼ ਅਤੇ 10 ਨਿਗਰਾਨ ਸੰਗਠਨ ਕਰਨ ਲਈ ਅੱਗੇ ਵਧਣਾ ਚਾਹੀਦਾ ਹੈ।

# ਕਿਸਾਨ ਨੂੰ ਐੱਮ.ਐੱਸ.ਪੀ. ਦਿੱਤੀ ਜਾਵੇ ਤਾਂ ਕਿਵੇਂ



ਯੋਗੇਂਦਰ ਯਾਦਵ

ਵਰਤਮਾਨ ਕਿਸਾਨ ਅੰਦੋਲਨ 'ਚ ਐੱਮ. ਐੱਸ. ਪੀ. ਦੀ ਬਹਿਸ ਨੂੰ ਹੁਣ ਇਸ ਆਖਰੀ ਮੁਕਾਮ ਤੱਕ ਪਹੁੰਚਾ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਸਵਾਲ ਇਹ ਪੁੱਛਿਆ ਜਾਂਦਾ ਸੀ ਕਿ ਐੱਮ. ਐੱਸ. ਪੀ. ਹੈ ਕੀ ? ਜਾਂ ਆਖਰ ਕਿਸਾਨ ਨੂੰ ਐੱਮ. ਐੱਸ. ਪੀ. ਕਿਉਂ ਦਿੱਤੀ ਜਾਣੀ ਚਾਹੀਦੀ ਹੈ ? ਪਰ ਹੁਣ ਸਰਕਾਰੀ ਨੌਕਰਸ਼ਾਹ, ਦਰਬਾਰੀ ਮੀਡੀਆ ਅਤੇ ਕਿਤਾਬੀ ਅਰਥ-ਸ਼ਾਸਤਰੀ ਵੀ ਇਹ ਸਵਾਲ ਪੁੱਛਣ ਲੱਗੇ ਹਨ ਕਿ ਚਲੋ ਐੱਮ. ਐੱਸ. ਪੀ. ਦੇਣੀ ਤਾਂ ਪਵੇਗੀ। ਹੁਣ ਕਿਵੇਂ ਦਿੱਤੀ ਜਾਵੇ ? ਕਿਸਾਨ ਨੂੰ ਕੋਈ ਵੀ ਹੱਕ ਇਕ ਵਾਰ 'ਚ ਨਹੀਂ ਮਿਲਦਾ। ਇਕ ਹੀ ਮੰਗ ਮਨਵਾਉਣ ਲਈ ਕਿਸਾਨ ਨੂੰ ਵਾਰ-ਵਾਰ ਲੜਾਈ ਲੜਨੀ ਪੈਂਦੀ ਹੈ। ਭਾਵੇਂ ਅਜੇ ਐੱਮ. ਐੱਸ. ਪੀ. ਦਾ ਕਾਨੂੰਨ ਨਹੀਂ ਬਣਿਆ ਹੈ ਪਰ ਇਸ ਅੰਦੋਲਨ 'ਚ ਐੱਮ. ਐੱਸ. ਪੀ. ਨੂੰ ਇੱਥੋਂ ਤੱਕ ਲਿਆਉਣ ਨੂੰ ਕਿਸਾਨ ਅੰਦੋਲਨ ਦੀ ਜਿੱਤ ਮੰਨਿਆ ਜਾਣਾ ਚਾਹੀਦਾ ਹੈ।

ਇਸ ਸਵਾਲ ਦਾ ਜਵਾਬ ਦੇਣ ਦਾ ਪਹਿਲਾਂ ਦੋ ਭਰਮਾਂ ਤੋਂ ਮੁਕਤ ਹੋਣਾ ਜ਼ਰੂਰੀ ਹੋਣਾ ਜ਼ਰੂਰੀ ਹੈ। ਪਹਿਲਾ ਭਰਮ ਇਹ ਹੈ ਕਿ ਕਿਸਾਨਾਂ ਨੂੰ ਐੱਮ. ਐੱਸ. ਪੀ. ਦੀ ਗਾਰੰਟੀ ਦੇਣ ਦਾ ਮਤਲਬ ਹੈ ਕਿ ਸਰਕਾਰ ਸਾਰੀਆਂ ਫਸਲਾਂ ਦੀ ਪੂਰੀ ਖਰੀਦ ਕਰੇ। ਇਹ ਭਰਮ ਤਾਂ ਹੋਰ ਗੱਲਾਂ ਨੂੰ ਜੋੜ ਦੇਣ ਨਾਲ ਪੈਦਾ ਹੁੰਦਾ ਹੈ-ਸਰਕਾਰ ਵਲੋਂ ਘੱਟ-



ਘੱਟ ਸਮਰਥਨ ਮੁੱਲ ਦਿਵਾਉਣਾ ਅਤੇ ਖੁਦ ਸਰਕਾਰ ਵਲੋਂ ਸਰਕਾਰ ਵਲੋਂ ਖਰੀਦ ਕਰਨੀ। ਇਸੇ ਭਰਮ ਦੇ ਚੱਲਦਿਆਂ ਹੀ ਆਲੋਚਕ ਇਹ ਦੋਸ਼ ਲਾਉਂਦੇ ਹਨ ਕਿ ਕਿਸਾਨਾਂ ਦੀ ਇਹ ਮੰਗ ਅਸੰਭਵ ਹੈ। ਜੇ ਸਰਕਾਰ ਕੋਲ ਫੰਡ ਹੋਣ ਵੀ ਤਾਂ ਸਰਕਾਰ ਸਾਰੀ ਫਸਲ ਖਰੀਦ ਕੇ ਕੀ ਕਰੇਗੀ ? ਉਸ ਨੂੰ ਕਿਸ ਗੋਦਾਮ 'ਚ ਰੱਖੇਗੀ ? ਕਿੱਥੇ ਵੇਚੇਗੀ ? ਕੀ ਸਰਕਾਰ ਬਾਜ਼ਾਰ ਦੇ ਸਾਰੇ ਕੰਮ ਆਪਣੇ ਸਿਰ ਲੈ ਲਵੇਗੀ ? ਇਸ 'ਚ ਮੁਸੀਬਤ ਤਾਂ ਹੈ ਹੀ, ਬਰਬਾਦੀ ਅਤੇ ਭ੍ਰਿਸ਼ਟਾਚਾਰ ਹੋਣ ਦੀ ਵੀ ਬਹੁਤ ਸੰਭਾਵਨਾ ਹੈ ? ਇਸ ਆਲੋਚਨਾ 'ਚ ਦਮ ਹੈ। ਕਿਸਾਨਾਂ ਦੀਆਂ ਸਾਰੀਆਂ ਫਸਲਾਂ ਦੀ ਪੂਰੀ ਪੈਦਾਵਾਰ ਨੂੰ ਸਰਕਾਰ ਨਾ ਤਾਂ ਖਰੀਦ ਸਕਦੀ ਅਤੇ ਨਾ ਹੀ ਉਸ ਲਈ ਅਜਿਹਾ ਕਰਨਾ ਜ਼ਰੂਰੀ ਹੈ। ਕਿਸਾਨ ਸਿਰਫ ਇੰਨਾ ਚਾਹੁੰਦਾ ਹੈ ਕਿ ਉਸ ਨੂੰ ਆਪਣੀ ਮਿਹਨਤ ਦਾ ਹੱਕ ਮਿਲੇ, ਉਸ ਨੂੰ ਇਸ ਨਾਲ ਮਤਲਬ ਨਹੀਂ ਕਿ ਉਸ ਨੂੰ ਐੱਮ. ਐੱਸ. ਪੀ. ਕਿਸ ਹੱਥ ਤੋਂ ਮਿਲੇ, ਸਰਕਾਰ ਤੋਂ ਜਾਂ ਵਪਾਰੀ ਤੋਂ।

ਦੂਜਾ ਭਰਮ ਇਹ ਹੈ ਕਿ ਸਰਕਾਰ ਨੂੰ ਆਪਣੀ ਜੇਬ 'ਚੋਂ ਕੋਈ ਖਰਚਾ ਨਹੀਂ ਕਰਨਾ ਪਵੇਗਾ, ਬਸ ਸਿਰਫ ਇਹ ਕਾਨੂੰਨ ਬਣਾ ਦੇਵੇ ਕਿ ਐੱਮ. ਐੱਸ. ਪੀ. ਤੋਂ ਘੱਟ ਖਰੀਦ-ਫਰੋਖਤ ਗੈਰ-ਕਾਨੂੰਨੀ ਹੈ। ਕਈ ਕਿਸਾਨ ਆਗੂ ਵੀ ਕਹਿੰਦੇ ਕਿ ਬਸ ਐੱਮ. ਐੱਸ. ਪੀ. ਤੋਂ ਘੱਟ ਖਰੀਦ ਕਰਨ ਵਾਲੇ ਵਪਾਰੀ ਨੂੰ ਜੇਲ ਭੇਜ ਦਿਓ, ਆਪਣੇ ਆਪ ਕਿਸਾਨ ਨੂੰ ਸਹੀ ਮੁੱਲ ਮਿਲ ਜਾਵੇਗਾ। ਇਹ ਧਾਰਨਾ ਵੀ ਗਲਤ ਅਤੇ ਖਤਰਨਾਕ ਹੈ। ਕਾਨੂੰਨ ਬਣਾ ਦੇਣ ਅਤੇ ਸਜ਼ਾ ਦੀ ਵਿਵਸਥਾ ਕਰਨ ਨਾਲ ਕਿਸਾਨ ਨੂੰ ਸਹੀ ਮੁੱਲ ਤਾਂ ਨਹੀਂ ਮਿਲੇਗਾ, ਵਪਾਰੀ ਆਪਣੀ ਦੁਕਾਨ ਜ਼ਰੂਰ ਬੰਦ ਕਰ ਲਵੇਗਾ ਅਤੇ ਪਿਛਲੇ ਦਰਵਾਜ਼ੇ ਰਾਹੀਂ ਕਿਸਾਨ ਤੋਂ ਬਲੈਕ 'ਚ ਖਰੀਦੇਗਾ। ਅਜਿਹੇ ਕਾਨੂੰਨ ਪਹਿਲਾਂ ਵੀ ਬਣ ਚੁੱਕੇ ਹਨ ਅਤੇ ਉਨ੍ਹਾਂ ਨੂੰ ਲਾਗੂ ਕਰਨਾ ਸੰਭਵ ਨਹੀਂ ਹੈ। ਜੇ ਬਾਜ਼ਾਰ ਭਾਅ ਐੱਮ. ਐੱਸ. ਪੀ. ਤੋਂ ਬਹੁਤ ਘੱਟ ਹੈ ਤਾਂ ਵਪਾਰੀ ਨੂੰ ਜ਼ਿਆਦਾ ਭਾਅ ਦੇਣ ਦੇ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਸਰਕਾਰ ਨੂੰ ਆਪਣੀ ਜੇਬ 'ਚੋਂ ਕੁਝ ਖਰਚ ਕਰਨਾ ਵੀ ਪਵੇਗਾ।

ਤਾਂ ਫਿਰ ਵੀ ਕਿਵੇਂ ਲਾਗੂ ਕੀਤੀ ਜਾ ਸਕਦੀ ਹੈ ਇਹ ਗਰੰਟੀ ? ਇਸ ਦੇ ਲਈ ਸਰਕਾਰ ਨੂੰ ਵਪਾਰੀ ਬਣਨ ਜਾਂ ਡੰਡਾ ਚਲਾਉਣ ਦੀ ਥਾਂ ਹੁਸ਼ਿਆਰ ਰੈਗੂਲੇਟਰ ਦੀ ਭੂਮਿਕਾ ਨਿਭਾਉਣੀ ਪਵੇਗੀ। ਸਰਕਾਰ ਨੂੰ 3 ਤਰ੍ਹਾਂ ਦੇ ਕੰਮ ਕਰਨੇ ਪੈਣਗੇ-ਜਾਂ ਤਾਂ ਖੁਦ ਫਸਲ ਖਰੀਦੇ ਜਾਂ ਫਿਰ ਬਾਜ਼ਾਰ 'ਚ ਦਖਲ ਦੇ ਕੇ ਫਸਲਾਂ ਦਾ ਭਾਅ/ਮੁੱਲ ਡਿੱਗਣ ਤੋਂ ਰੋਕੇ ਜਾਂ ਹੋਰ ਕੁਝ ਨਹੀਂ ਤਾਂ ਕਿਸਾਨ ਨੂੰ ਨੁਕਸਾਨ ਦੀ ਭਰਪਾਈ ਕਰੇ। ਕੁੱਲ ਮਿਲਾ ਕੇ ਇਹ ਜ਼ਿੰਮੇਵਾਰੀ ਲਵੇ ਕਿ ਕਿਸਾਨ ਦੀ ਜੇਬ 'ਚ ਘੱਟ ਤੋਂ ਘੱਟ ਐੱਮ. ਐੱਸ. ਪੀ. ਦੇ ਬਰਾਬਰ ਪੈਸਾ ਪਹੁੰਚੇ। ਜੇ ਸਰਕਾਰ ਆਪਣੀ ਜ਼ਿੰਮੇਵਾਰੀ ਨਿਭਾਉਣ 'ਚ ਅਸਮਰੱਥ ਰਹਿੰਦੀ ਹੈ ਤਾਂ ਕਿਸਾਨ ਕੋਰਟ-ਕਚਹਿਰੀ ਜਾ ਕੇ ਆਪਣਾ ਹੱਕ ਵਸੂਲ ਸਕਦਾ ਹੈ। ਇਨ੍ਹਾਂ ਤਿੰਨਾਂ ਤਰ੍ਹਾਂ ਦੀਆਂ ਭੂਮਿਕਾਵਾਂ ਨੂੰ ਧਿਆਨ ਨਾਲ ਸਮਝਣਾ ਚਾਹੀਦਾ ਹੈ।

ਸਭ ਤੋਂ ਪਹਿਲਾਂ ਤਾਂ ਕਿਸਾਨ ਨੂੰ ਐੱਮ. ਐੱਸ. ਪੀ. ਦਿਵਾਉਣ ਲਈ ਸਰਕਾਰ ਅੱਜ ਜਿੰਨੀ ਖਰੀਦ ਕਰਦੀ ਹੈ, ਉਸ ਤੋਂ ਕੁੱਝ ਜ਼ਿਆਦਾ ਖਰੀਦ ਕਰ ਸਕਦੀ ਹੈ। ਸਰਕਾਰ ਸਿਹਤ ਦੇ ਨਜ਼ਰੀਏ ਤੋਂ ਜਵਾਰ, ਬਾਜਰਾ ਵਰਗੇ ਮੋਟੇ ਅਨਾਜ ਨੂੰ ਬੜ੍ਹਾਵਾ ਦੇਣ ਦੀਆਂ ਯੋਜਨਾਵਾਂ ਚਲਾ ਰਹੀ ਹੈ। ਉਸ ਲਈ ਸਭ ਤੋਂ ਚੰਗਾ ਹੋਵੇਗਾ ਕਿ ਸਰਕਾਰ ਉਨ੍ਹਾਂ ਨੂੰ ਬਾਜ਼ਾਰ 'ਚ ਐੱਮ. ਐੱਸ. ਪੀ. 'ਤੇ ਖੜ੍ਹਾ ਕਰ ਕੇ ਸਸਤੇ ਭਾਅ 'ਚ ਵੇਚੇ। ਇਸ ਤਰ੍ਹਾਂ ਸਰਕਾਰ ਰਾਸ਼ਨ 'ਚ ਅਨਾਜ ਦੇ ਨਾਲ-ਨਾਲ ਦਾਲ ਅਤੇ ਰਸੋਈ ਦਾ ਤੇਲ ਵੀ ਦੇ ਸਕਦੀ ਹੈ। ਮਿਡ ਡੇ ਮੀਲ 'ਚ ਜ਼ਿਆਦਾ ਫਲ, ਦੁੱਧ ਅਤੇ ਆਂਡਾ ਦਿੱਤਾ ਜਾਣਾ ਚਾਹੀਦਾ ਹੈ। ਇਸ ਨਾਲ 'ਇਕ ਪੰਥ ਦੋ ਕਾਜ' ਹੋਣਗੇ। ਦੇਸ਼ ਦੀ ਸਿਹਤ ਸੁਧਰੇਗੀ ਅਤੇ ਕੁੱਝ ਕਿਸਾਨਾਂ ਨੂੰ ਐੱਮ. ਐੱਸ. ਪੀ. ਵੀ ਮਿਲੇਗੀ। ਜ਼ਾਹਿਰ ਹੈ ਇਸ ਯੋਜਨਾ ਦੀ ਸੀਮਾ ਹੈ ਅਤੇ ਇਸ ਨੂੰ ਜ਼ਿਆਦਾਤਰ ਫਸਲਾਂ 'ਤੇ ਲਾਗੂ ਨਹੀਂ ਕੀਤਾ ਜਾ ਸਕਦਾ।

ਜ਼ਿਆਦਾਤਰ ਫਸਲਾਂ ਨੂੰ ਬਾਜ਼ਾਰ 'ਚ ਵਾਜਬ ਭਾਅ ਦਿਵਾਉਣ ਦਾ ਸਭ ਤੋਂ ਪ੍ਰਭਾਵੀ ਤਰੀਕਾ ਹੋਵੇਗਾ। ਸਰਕਾਰ ਵਲੋਂ ਬਾਜ਼ਾਰ 'ਚ ਚੁਨਿੰਦਾ ਦਖਲ ਦੇ ਕੇ ਬਾਹਰੀ ਭਾਅ ਨੂੰ ਡਿੱਗਣ ਤੋਂ ਰੋਕਣਾ। ਇਹ ਕੋਈ ਅਨਹੋਣੀ ਜਾਂ ਅਸੰਭਵ ਗੱਲ ਨਹੀਂ ਹੈ। ਕਪਾਹ ਦੀ ਫਸਲ 'ਚ ਕਾਟਨ ਕਾਰਪੋਰੇਸ਼ਨ ਆਫ ਇੰਡੀਆ ਇਹੀ ਕਰਦਾ ਹੈ। ਬਾਜ਼ਾਰ ਦਾ ਅਨੁਭਵ ਇਹੀ ਦੱਸਦਾ ਹੈ ਕਿ ਭਾਅ ਤਦ ਡਿੱਗਦੇ ਹਨ ਜਦ ਕਿਸੇ ਵਸਤੂ ਦੀ ਸਪਲਾਈ ਉਸ ਦੀ ਮੰਗ ਤੋਂ ਜ਼ਿਆਦਾ ਹੋ ਜਾਵੇ। ਅਜਿਹੇ 'ਚ ਸਰਕਾਰ ਜੇ 5 ਤੋਂ 10 ਫੀਸਦੀ ਫਸਲ ਵੀ ਖਰੀਦ ਲਵੇ ਤਾਂ ਬਾਜ਼ਾਰ 'ਚ ਭਾਅ ਸੰਭਲ ਜਾਂਦੇ ਹਨ।

ਭਾਰਤ ਸਰਕਾਰ ਦੀ ਇਕ ਪੁਰਾਣੀ ਯੋਜਨਾ ਹੈ 'ਮਾਰਕੀਟ ਇੰਟਰਵੈਂਸ਼ਨ ਸਕੀਮ' ਜਿਸ ਦਾ ਇਹੀ ਮੰਤਵ ਹੈ। ਦਿੱਕਤ ਇਹ ਹੈ ਕਿ ਇਸ ਯੋਜਨਾ ਨੂੰ ਕਦੇ ਵੀ ਲੋੜੀਂਦਾ ਫੰਡ ਨਹੀਂ ਮਿਲਦਾ। ਇਸ ਸਰਕਾਰ ਨੇ ਤਾਂ ਇਸ ਯੋਜਨਾ ਨੂੰ ਪਿਛਲੇ ਸਾਲ ਲਗਭਗ ਬੰਦ ਹੀ ਕਰ ਦਿੱਤਾ। ਇਸ ਯੋਜਨਾ ਲਈ ਲੋੜੀਂਦਾ ਫੰਡ ਨਾ ਦੇ ਕੇ ਇਕ ਰੈਗੂਲੇਟਰੀ ਸੰਸਥਾ ਬਣਾਉਣ ਤੋਂ ਬਾਹਰੀ ਭਾਅ ਨੂੰ ਐੱਮ. ਐੱਸ. ਪੀ. ਤੋਂ ਘੱਟ ਡਿੱਗਣ ਤੋਂ ਰੋਕਿਆ ਜਾ ਸਕਦਾ ਹੈ।

ਬਾਜ਼ਾਰ ਦੇ ਭਾਅ ਨੂੰ ਨਿਯਮਿਤ ਕਰਨ ਤੋਂ ਇਲਾਵਾ ਸਰਕਾਰ ਦੇ ਹੱਥ 'ਚ ਵੀ ਹੋਰ ਵੀ ਕਈ ਸੰਦ ਹਨ। ਘੱਟ ਤੋਂ ਘੱਟ ਸਰਕਾਰ ਦਰਾਮਦ-ਬਰਾਮਦ ਰਾਹੀਂ ਫਸਲ ਦੇ ਭਾਅ ਡਿੱਗਣ ਦਾ ਕੰਮ ਤਾਂ ਬੰਦ ਕਰ ਸਕਦੀ ਹੈ। ਫਸਲ ਦੀ ਬਰਾਮਦ 'ਤੇ ਕਦੇ-ਕਦਾਈ ਬੈਨ ਲਾਉਣਾ ਅਤੇ ਪੈਦਾਵਾਰ ਘੱਟ ਹੁੰਦੇ ਹੀ ਵੱਡੀ ਮਾਤਰਾ 'ਚ ਦਰਾਮਦ ਕਰ ਲੈਣ ਨਾਲ ਕਿਸਾਨ ਨੂੰ ਸਹੀ ਭਾਅ ਨਹੀਂ ਮਿਲਦਾ। ਇਨ੍ਹਾਂ ਨੀਤੀਆਂ ਨੂੰ ਰੋਕਣਾ ਪਵੇਗਾ। ਕਿਸਾਨ ਨੂੰ ਗੈਰ-ਜ਼ਰੂਰੀ ਦਰਾਮਦ ਤੋਂ ਬਚਾਉਣਾ ਅਤੇ ਉਸ ਲਈ ਬਰਾਮਦ ਦੇ ਮੌਕੇ ਲੱਭਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਸਰਕਾਰ ਕਿਸਾਨ ਨੂੰ ਬਿਹਤਰ ਭਾਅ ਦੇਣ ਵਾਲੀ ਸਰਕਾਰੀ ਕਮੇਟੀ ਜਾਂ ਐੱਫ. ਪੀ. ਓ. ਨੂੰ ਸਮਰਥਨ ਅਤੇ ਸਹਿਯੋਗ ਦੇ ਸਕਦੀ ਹੈ। ਕਿਸਾਨ ਨੂੰ ਕਾਹਲੀ 'ਚ ਸਸਤੇ 'ਚ ਫਸਲ ਨਾ ਵੇਚਣੀ ਪਵੇ ਇਸ ਲਈ ਸਰਕਾਰ ਵੇਅਰਹਾਊਸ ਰਿਸੀਪਟ ਯੋਜਨਾ 'ਚ ਸੁਧਾਰ ਕਰ ਕੇ ਉਸ ਨੂੰ ਐੱਮ.ਐੱਸ. ਪੀ. ਨਾਲ ਜੋੜ ਸਕਦੀ ਹੈ।

ਜੇ ਇਨ੍ਹਾਂ ਸਾਰੇ ਤਰੀਕਿਆਂ ਨਾਲ ਕੰਮ ਨਾ ਬਣੇ ਤਾਂ ਸਰਕਾਰ ਨੂੰ ਤੀਜਾ ਅਤੇ ਆਖਰੀ ਉਪਾਅ ਕਰਨਾ ਪਵੇਗੀ। ਜੇ ਸਰਕਾਰੀ ਖਰੀਦ ਅਤੇ ਦਖਲ ਦੇ ਬਾਵਜੂਦ ਕੋਈ ਫਸਲ ਐੱਮ. ਐੱਸ. ਪੀ. ਤੋਂ ਹੇਠਾਂ ਵਿਕਦੀ ਹੈ ਤਾਂ ਸਰਕਾਰ ਨੂੰ ਹੋਏ ਨੁਕਸਾਨ ਦੀ ਭਰਪਾਈ ਕਰਨੀ ਪਵੇਗੀ। ਭਾਵ-ਅੰਤਰ ਭੁਗਤਾਨ ਦੀ ਯੋਜਨਾ ਕਈ ਸੂਬਿਆਂ 'ਚ ਲਾਗੂ ਕੀਤੀ ਜਾ ਚੁੱਕੀ ਹੈ। ਮੱਧ ਪ੍ਰਦੇਸ਼ ਅਤੇ ਹਰਿਆਣਾ 'ਚ ਉਸ ਦੇ ਤਜਰਬੇ ਹੋ ਚੁੱਕੇ ਹਨ। ਇਸ ਯੋਜਨਾ ਕਈ ਸੂਬਿਆਂ 'ਚ ਲਾਗੂ ਕੀਤੀ ਜਾ ਚੁੱਕੀ ਹੈ। ਮੱਧ ਪ੍ਰਦੇਸ਼ ਅਤੇ ਹਰਿਆਣਾ 'ਚ ਉਸਦੇ ਤਜਰਬੇ ਹੋ ਚੁੱਕੇ ਹਨ। ਇਸ ਯੋਜਨਾ ਤਹਿਤ ਸਰਕਾਰ ਇਹ ਜ਼ਿੰਮੇਵਾਰੀ ਲੈਂਦੀ ਹੈ ਕਿ ਐੱਮ.ਐੱਸ. ਪੀ. ਤੋਂ ਘੱਟ ਵੇਚਣ ਦੀ ਵਜ੍ਹਾ ਨਾਲ ਕਿਸਾਨ ਨੂੰ ਜਿੰਨਾ ਘਾਟਾ ਹੋਇਆ ਓਨਾ ਪੈਸਾ ਕਿਸਾਨ ਦੇ ਅਕਾਊਂਟ 'ਚ ਟਰਾਂਸਫਰ ਕੀਤਾ ਜਾਂਦਾ ਹੈ। ਇਸ 'ਚ ਖਰਚ ਕਿੰਨਾ ਹੋਵੇਗਾ ? ਸੀ. ਆਰ. ਆਈ. ਐੱਸ. ਆਈ. ਐੱਲ. ਸੰਸਥਾ ਨੇ ਅੰਦਾਜ਼ਾ ਲਾਇਆ ਹੈ ਕਿ ਪਿਛਲੇ ਸਾਲ ਐੱਮ. ਐੱਸ. ਪੀ. ਅਤੇ ਬਾਜ਼ਾਰ ਦੇ ਭਾਅ 'ਚ 21000 ਕਰੋੜ ਰੁਪਏ ਦਾ ਫਰਕ ਸੀ। ਜੇ ਇਸ ਦੀ ਸਰਕਾਰ ਦੇ ਖਜ਼ਾਨੇ 'ਚੋਂ ਭਰਪਾਈ ਕੀਤੀ ਜਾਂਦੀ ਤਾਂ ਇਹ ਭਾਰਤ ਸਰਕਾਰ ਦੇ ਬਜਟ ਦਾ ਅੱਧੇ ਫੀਸਦੀ ਤੋਂ ਵੀ ਘੱਟ ਹੁੰਦਾ।

ਕਹਿੰਦੇ ਹਨ-ਜਿੱਥੇ ਚਾਹ, ਉੱਥੇ ਰਾਹ। ਕਿਸਾਨ ਨੂੰ ਐੱਮ.ਐੱਸ. ਪੀ. ਦੀ ਗਾਰੰਟੀ ਦੇਣ 'ਤੇ ਇਹ ਪੂਰੀ ਤਰ੍ਹਾਂ ਲਾਗੂ ਹੁੰਦਾ ਹੈ। ਜੇ ਇਕ ਵਾਰ ਸਿਆਸੀ ਇੱਛਾ ਜਾਂ ਇੱਛਾ ਸ਼ਕਤੀ ਹੋਵੇ ਤਾਂ ਯੋਜਨਾਵਾਂ ਦਾ ਰਾਹ ਖੁੱਲ੍ਹ ਜਾਵੇਗਾ।




# ਪੁਰਾਤਨ ਬਜ਼ੁਰਗ ਤੇ ਅੱਜ ਦਾ ਸਮਾਜ

ਮੈਂ ਆਪਣੇ ਬਜ਼ੁਰਗਾਂ ਨਾਲ ਗੁਜ਼ਾਰੇ ਪਲਾਦੀ ਤਸਵੀਰ ਨੂੰ ਆਪਣੇ ਬਚਪਨ ਮਨ 'ਚ ਉੱਤਰੀ ਗਈ ਨੂੰ ਯਾਦ ਕਰਦਾ ਹਾਂ। ਉਹ ਦੇ ਮਿੱਠੇ ਤੇ ਸੁਹਾਵਣੇ ਪਰਛਾਵਿਆਂ ਵਿਚ ਜਵਾਨ ਹੋ ਕੇ ਆਖਰੀ ਪੜਾਅ ਵਿਚ ਦਾਖਲ ਹੋ ਗਿਆ ਹੈ । ਉਹ ਬਾਬਿਆਂ ਵਰਗੀਆਂ ਪਾਕ ਪਵਿੱਤਰ ਸੱਚੀਆਂ ਰੂਹਾਂ ਵੇਖਣ ਨੂੰ ਬਹੁਤ ਘੱਟ ਮਿਲਦੀਆਂ ਹਨ। ਬਾਹਰੋਂ ਕਿਸੇ ਦੀ ਦਿੱਖ ਵੇਖਕੇ ਬਾਬਾ ਜਾਂ ਬਜ਼ੁਰਗ ਸ਼ਬਦ ਵਰਤ ਲੈਂਦੇ ਹਾਂ ਪਰ ਅੱਜ ਚਿੱਟੀ ਦਾੜੀ ਦੀ ਨਿਸ਼ਾਨੀ ਤੋਂ ਬਾਬਾ ਅਖਵਾਉਣ ਵਾਲਾ ਕੋਈ ਨਹੀਂ ਦਿੱਸਦਾ ਹੈ । ਤਜ਼ਰਬਾ ਤੇ ਠੋਕਰਾਂ ਖਾ ਕੇ ਬਜ਼ੁਰਗਾਂ ਵਾਲੀ ਸਿਆਣਪ, ਅਕਲ ਨਹੀਂ ਆਈ ਤਾਂ ਫਿਰ ਗੱਲ ਬਣਦੀ ਅਤੇ ਬਰਫ ਵਰਗੇ ਚਿੱਟੇ ਵਾਲ ਕੋਈ ਅਰਥ ਨਹੀਂ ਰੱਖਦੇ । ਬਾਬੇ ਵਰਗੇ ਸਤਿਕਾਰਯੋਗ ਸ਼ਬਦ ਨਾਲ ਸੰਬੋਧਨ ਕਰਨਾ ਗਲਤ ਹੀ ਹੋਵੇਗਾ ।




**ਜਗਜੀਤ ਸਿੰਘ ਝੱਤਰਾ,**
**ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,**
**ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028**
**ਮੋ: 7814490249**

ਵਿਆਹ ਸ਼ਾਦੀਆਂ ਸਮੇਂ ਬਾਬੇ ਅਗਲੀ ਕਤਾਰ ਵਿਚ ਹੋ ਕੇ ਪ੍ਰਬੰਧਾਂ ਦਾ ਜਾਇਜ਼ਾ ਲੈਂਦੇ ਤੇ ਤਜ਼ਰਬੇ ਦੂਜਿਆਂ ਨਾਲ ਸਾਂਝੇ ਕਰਦੇ ਸਨ । ਸਮਾਜ ਭਲਾਈ ਦੇ ਹਰੇਕ ਕੰਮ ਵਿਚ ਹੀ ਉਨ੍ਹਾਂ ਦੀ ਰਾਇ ਪ੍ਰਬਲ ਹੁੰਦੀ। ਸਮਾਜ ਵਿਚ ਦੁੱਖ ਸੁੱਖ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ, ਨਿੱਜੀ ਝਗੜੇ ਘੱਟ ਹੁੰਦੇ ਹਨ । ਪਿੰਡ ਵਿਚ ਕਤਲਾਂ ਦੀ ਨੌਬਤ ਘੱਟ ਆਉਂਦੀ ਸੀ । ਬਾਬੇ ਤਾਂ ਪਸ਼ੂਆਂ ਨੂੰ ਮਾਰਨ ਤੋਂ ਗੁਰੇਜ਼ ਕਰਦੇ ਸਨ ਅਤੇ ਆਖਦੇ ਕਿ ਪਾਪ ਲੱਗੂਗਾ ਸਬਰ ਸੰਤੋਖ ਸ਼ੁਕਰ ਨਾਲ ਜੀਵਨ ਜਿਉਣ ਵਾਲੇ ਲੋਕਾਂ ਦੇ ਸਿਰ ਉੱਪਰ ਬੀਬੀਆਂ ਦਾੜੀਆਂ ਵਾਲੇ ਬਾਬਿਆਂ ਦਾ ਹੱਥ ਹੁੰਦਾ ਸੀ ।

ਬਾਬੇ ਦਇਆਦਾਰੀ, ਪਰਉਪਕਾਰੀ, ਕੰਮ ਵਿਚ ਹਿੱਸਾ ਲੈ ਕੇ ਆਪਣੀ ਪੁਜਣਯੋਗ ਬਜ਼ੁਰਗੀ ਦਾ ਮਿਆਰ ਬਰਕਰਾਰ ਰੱਖਣਾ, ਉਹਨਾਂ ਦਾ ਸ਼ੌਂਕ ਸੀ ।

# ਦੁਧਾਰੂ ਪਸ਼ੂਆਂ ਵਿੱਚ ਮੂੰਹ ਖੁਰ ਦੀ ਬਿਮਾਰੀ



ਇਹ ਇਕ ਵਿਸ਼ਾਣੂੰ ਰੋਗ ਹੈ ਜੋ ਦੋਗਲੀਆਂ ਗਾਵਾਂ ਵਿੱਚ ਜ਼ਿਆਦਾ ਭਿਆਨਕ ਰੂਪ ਵਿਚ ਫੈਲਦਾ ਹੈ ।

**ਲੱਛਣ** : ਤੇਜ਼ ਬੁਖਾਰ (107 ਡਿਗਰੀ ਫਾਰਨਹੀਟ), ਸੁਸਤੀ, ਪੱਠੇ ਖਾਣੇ ਛੱਡਣਾ, ਜੁਗਾਲੀ ਨਾ ਕਰਨਾ, ਮੂੰਹ ਤੋਂ ਗਾੜ੍ਹੀ ਲੇਸਦਾਰ ਲਾਰ ਦਾ ਨਿਕਲਣਾ, ਮੂੰਹ ਵਿੱਚੋਂ ਚਿਪਚਿਪਾਹਟ ਦੀ ਆਵਾਜ਼, ਖੁਰ ਚੱਟਣਾ, ਬਾਅਦ ਵਿਚ ਮੂੰਹ ਅਤੇ ਖੁਰਾਂ ਵਿਚ ਛਾਲੇ ਪੈ ਜਾਣਾ ਹਨ ਅਤੇ ਉਹ ਪੱਕ ਕੇ ਫੁੱਟ ਜਾਣਾ ਅਤੇ ਜਖਮ ਬਣ ਜਾਂਦੇ ਹਨ, ਪਸ਼ੂ ਲੰਗੜਾਉਂਦਾ ਹੈ, ਦੁਧਾਰੂ ਪਸ਼ੂਆਂ ਦਾ ਦੁੱਧ ਸੁੱਕ ਜਾਂਦਾ ਹੈ, ਇਕੋ ਸਾਲ ਵਿਚ ਕਈ ਪਸ਼ੂ ਬਿਮਾਰ ਪੈ ਜਾਂਦੇ ਹਨ ਅਤੇ ਕਟੜੂ/ਵੱਛੜੂ ਦੀ ਮੌਤ ਹੋ ਜਾਂਦੀ ਹੈ ।

**ਇਲਾਜ** : ★ ਮੂੰਹ ਦੇ ਛਾਲਿਆਂ ਨੂੰ ਪੋਟਾਸ਼ ਜਾਂ ਫਿਟਕੜੀ ਦੇ ਘੋਲ ਜਾਂ ਲਾਲ ਦਵਾਈ ਦੇ ਘੋਲ (1:1000) ਨਾਲ ਸਾਫ ਕਰ ਕੇ ਉਸ ਉੱਤੇ ਬੋਰਿਕ ਐਸਿਡ ਨੂੰ 4 ਭਾਗ ਗਲਿਸਰੀਨ, ਸ਼ਹਿਦ ਦੇ ਸ਼ੀਰੇ ਵਿਚ ਮਿਲਾ ਕੇ 2-3 ਬਾਰ ਲੇਪ ਕਰੋ ।

★ ਪੈਰਾਂ ਦੇ ਛਾਲੇ ਨੂੰ ਦਿਨ ਵਿਚ ਦੋ ਵਾਰ ਇਕ ਪ੍ਰਤੀਸ਼ਤ ਫਿਨਾਇਲ ਯੁਕਤ ਪਾਣੀ ਨਾਲ ਧੋਵੋ । ਪਸ਼ੂ ਦੇ ਖੁਰ ਨਾਲ ਬਣੇ ਜ਼ਖਮ ਦੀ ਚੰਗੀ ਤਰ੍ਹਾਂ ਸਫਾਈ ਕਰੋ, ਉਸ ਉੱਤੇ ਸਲਫਾਨੀਲਮਾਈਡ ਜਾਂ ਜ਼ਿੰਕ ਬੋਰਿਕ ਪਾਊਡਰ ਛਿੜਕੋ । ਜਖਮ ਤੇ ''ਜੈਨਸ਼ੀਅਨ ਵਾਯਲਟ'' ਲੋਸ਼ਨ ਮਲੋ ਅਤੇ ਜ਼ਿਆਦਾ ਖਰਾਬ ਜ਼ਖਮ ਵਿਚ ਲੋਰੈਕਸੇਨ ਜਾਂ ਹਿਮਾਕਸ ਮੱਲਮ ਲਗਾ ਕੇ ਪੱਟੀ ਬੰਨ ਦਿਉ ।

★ ਛਾਲਿਆਂ ਨੂੰ ਸੜਨ ਤੋਂ ਬਚਾਉਣ ਲਈ ਪਸ਼ੂ ਨੂੰ ਪੈਂਸਲਿਨ, ਮਿਓਨੇ ਮਾਈਸਿਨ ਜਾਂ ਆਕਸੀਟੈਟ੍ਰਾਸਾਈਕਲਿਨ ਦਾ ਮਾਸ ਪੇਸ਼ੀ ਵਿਚ ਇੰਜੈਕਸ਼ਨ ਲਗਾਓ । ਕਿਉਂਕਿ ਇਸ ਬੀਮਾਰੀ ਵਿਚ ਪਸ਼ੂ ਕੁਝ ਵੀ ਖਾ ਨਹੀਂ ਸਕਦਾ, ਇਸ ਲਈ ਉਸ ਨੂੰ ਹਰੇ ਚਾਰੇ ਅਤੇ ਗੁੜ ਦੇ ਨਾਲ ਚੌਲਾਂ ਦੀ ਫੱਕ ਮਿਲਾ ਕੇ ਖਵਾਉ ।

★ ਖੁਰਾਕ ਜੋ ਵੀ ਦਿੱਤਾ ਜਾਵੇ, ਉਹ ਪੌਸ਼ਟਿਕ ਤੇ ਮੁਲਾਇਮ ਹੋਵੇ । ਕਣਕ ਦਾ ਚੋਕਰ ਪਾਣੀ ਵਿਚ ਭਿਉਂ ਕੇ ਜਾਂ ਦਲੀਏ ਨਾਲ ਵੀ ਦਿੱਤਾ ਜਾ ਸਕਦਾ ਹੈ।

**ਰੋਕਥਾਮ** : (1)ਸਾਰੇ ਪਸ਼ੂਆਂ ਨੂੰ ਸਵੇਰੇ ਸ਼ਾਮ ਇਕ ਪ੍ਰਤੀਸ਼ਤ ਫਿਨਾਇਲ ਯੁਕਤ ਪਾਣੀ ਭਰੇ ਗੱਢੇ ਵਿੱਚੋਂ ਦੀ ਹੋ ਕੇ ਕੱਢੋ ।

(2) ਪਸ਼ੂਆਂ ਨੂੰ ਹਰ ਸਾਲ ਬੀਮਾਰੀ ਤੋਂ ਬਚਾਉ ਦੇ ਟੀਕੇ ਲਗਵਾ ਦਿਉ । ਇਹ ਵੈਕਸੀਨ ਬਾਜ਼ਾਰ ਵਿੱਚ ਵੀ ਉਪਲੱਬਧ ਹੈ । 6-10 ਡਿਗਰੀ ਸੈਂਟੀਗਰੇਡ ਦੇ ਤਾਪਕ੍ਰਮ ਤੇ ਬਰਫ ਨਾਲ ਭਰੀ ਥਰਮਸ ਫਲਾਸਕ ਜਾਂ ਫਰਿਜ ਵਿਚ ਇਸਦਾ ਭੰਡਾਰਨ ਕੀਤਾ ਜਾ ਸਕਦਾ ਹੈ ।

(3) ਪਸ਼ੂ ਰੋਗ ਦੀ ਸੂਚਨਾ ਮਿਲਦੇ ਹੀ ਸਥਾਨਕ ਜਾਂ ਖੇਤਰੀ ਪਸ਼ੂ ਚਿਕਿਤਸਕ ਅਧਿਕਾਰੀ ਨੂੰ ਸੂਚਨਾ ਦਿਉ ਜਾਂ ਸਿਹਤਮੰਦ ਪਸ਼ੂਆਂ ਨੂੰ ਰੋਗੀ ਪਸ਼ੂਆਂ ਤੋਂ ਅਲੱਗ ਕਰ ਦਿਉ ।

**ਮਧੂ ਸ਼ੈਲੀ, ਡਾਇਰੈਕਟਰ ਪਸਾਰ ਸਿਖਿਆ, ਪੀ.ਏ.ਯੂ. ਲੁਧਿਆਣਾ,**
**ਮੋਬਾਇਲ** : 9643442427

# ਵੈਟਨਰੀ ਯੂਨੀਵਰਸਿਟੀ ਨੇ ਕਰਵਾਇਆ ਵੈਟਨਰੀ ਗ੍ਰੈਜੂਏਟਾਂ ਦਾ ਸਹੁੰ ਚੁੱਕ ਸਮਾਗਮ

ਕਾਲਜ ਆਫ ਵੈਟਨਰੀ ਸਾਇੰਸ, ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਵੱਲੋਂ 2018 ਬੈਚ ਦੇ ਪਾਸ ਹੋਏ 91 ਵੈਟਨਰੀ ਗ੍ਰੈਜੂਏਟਾਂ ਦਾ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ। ਡਾ. ਗੁਰਪ੍ਰੀਤ ਸਿੰਘ ਨੇ ਮੁੱਖ ਮਹਿਮਾਨ ਡਾ. ਇੰਦਰਜੀਤ ਸਿੰਘ, ਉਪ-ਕੁਲਪਤੀ ਲਈ ਸਵਾਗਤੀ ਸ਼ਬਦ ਕਹੇ। ਡਾ. ਸਵਰਨ ਸਿੰਘ ਰੰਧਾਵਾ, ਨਿਰਦੇਸ਼ਕ ਕਲੀਨਿਕ ਨੇ ਅਕਾਦਮਿਕ, ਖੇਡਾਂ ਅਤੇ ਪਾਠਕ੍ਰਮ ਤੋਂ ਬਾਹਰਲੀਆਂ ਗਤੀਵਿਧੀਆਂ ਦੇ ਖੇਤਰ ਵਿੱਚ ਯੂਨੀਵਰਸਿਟੀ ਦਾ ਨਾਂ ਰੋਸ਼ਨ ਕਰਨ ਵਾਲੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਸਾਂਝੀਆਂ ਕੀਤੀਆਂ।

ਡਾ. ਹਰਮਨਜੀਤ ਸਿੰਘ ਬਾਂਗਾ, ਰਜਿਸਟਰਾਰ ਅਤੇ ਯੂਨੀਵਰਸਿਟੀ ਦੇ ਸਭ ਤੋਂ ਸੀਨੀਅਰ ਪ੍ਰੋਫੈਸਰ ਨੇ ਪਾਸ ਹੋਣ ਵਾਲੇ ਗ੍ਰੈਜੂਏਟਾਂ ਨੂੰ ਵੈਟਨਰੀ ਡਾਕਟਰ ਪੇਸ਼ੇ ਦੀ ਸਹੁੰ ਚੁਕਾਈ ਅਤੇ ਉਨ੍ਹਾਂ ਨੂੰ ਵੈਟਨਰੀ ਨੈਤਿਕਤਾ ਦੇ ਸਿਧਾਂਤਾਂ ਦੇ ਅਨੁਸਾਰ ਵੈਟਨਰੀ ਅਭਿਆਸ ਨੂੰ ਯਕੀਨੀ ਬਣਾਉਣ ਲਈ ਕਿਹਾ। ਪਾਸ ਹੋਏ ਗ੍ਰੈਜੂਏਟਾਂ ਨੇ ਆਪਣੇ ਟੀਚੇ ਦੀ ਪੂਰਤੀ ਲਈ ਮਿਹਨਤੀ ਅਧਿਆਪਕਾਂ ਦੇ ਅਣਥੱਕ ਯਤਨਾਂ ਲਈ ਧੰਨਵਾਦ ਪ੍ਰਗਟ ਕੀਤਾ।

ਉਨ੍ਹਾਂ ਯੂਨੀਵਰਸਿਟੀ ਵਿੱਚ ਸਾਢੇ ਪੰਜ ਸਾਲਾਂ ਦੀ ਪੜ੍ਹਾਈ ਦੌਰਾਨ ਦੇ ਆਪਣੇ ਫਲਦਾਇਕ ਅਨੁਭਵ ਸਾਂਝੇ ਕੀਤੇ। ਡਾ. ਇੰਦਰਜੀਤ ਸਿੰਘ ਨੇ ਸਿੱਖਿਅਤ ਹੋ ਕੇ ਜਾਣ ਵਾਲੇ ਵੈਟਨਰੀ ਗ੍ਰੈਜੂਏਟਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਭਵਿੱਖ ਲਈ ਸਫਲਤਾ ਦੀ ਕਾਮਨਾ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਕਿੱਤੇ ਪ੍ਰਤੀ ਆਪਣੀ ਵਚਨਬੱਧਤਾ ਦੇ ਨਾਲ-ਨਾਲ ਆਪਣੇ ਆਪ ਨੂੰ ਖੁਸ਼ਹਾਲ ਅਤੇ ਸਿਹਤਮੰਦ ਰੱਖਣ ਲਈ ਕਲਾਤਮਕ ਅਤੇ ਸਭਿਆਚਾਰਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਵੀ ਪ੍ਰੇਰਿਤ ਕੀਤਾ। ਡਾ. ਪ੍ਰਹਿਲਾਦ ਸਿੰਘ ਨੇ ਧੰਨਵਾਦੀ ਸ਼ਬਦ ਕਹੇ। ਸਮਾਗਮ ਵਿੱਚ ਯੂਨੀਵਰਸਿਟੀ ਦੇ ਅਧਿਕਾਰੀਆਂ, ਵਿਭਾਗਾਂ ਦੇ ਮੁਖੀਆਂ ਅਤੇ ਅਧਿਆਪਕਾਂ ਨੇ ਸ਼ਿਰਕਤ ਕੀਤੀ। ਕਾਰਸ ਲੈਬਾਰਟਰੀਜ਼ ਪ੍ਰਾਈਵੇਟ ਲਿਮਟਿਡ ਦੁਆਰਾ ਇੱਕ ਪ੍ਰੋਗਰਾਮ ਵੀ ਆਯੋਜਿਤ ਕੀਤਾ ਗਿਆ ਸੀ। ਕਾਰਸ ਲਿਮਟਿਡ ਨੇ ਕਲੀਨਿਕਲ ਵਿਸ਼ਿਆਂ ਵਿੱਚ ਵੱਧ ਤੋਂ ਵੱਧ ਪ੍ਰਤੀਸ਼ਤ ਪ੍ਰਾਪਤ ਕਰਨ ਵਾਲੇ ਤਿੰਨ ਹੋਣਹਾਰ ਵਿਦਿਆਰਥੀਆਂ, ਗੁਰਏਕਮ ਕੌਰ, ਨਭਿਤਾ ਅਤੇ ਮਹਿਕਦੀਪ ਕੌਰ ਸ਼ਰਮਾ ਨੂੰ ਕ੍ਰਮਵਾਰ 51,000/-, 31,000/- ਅਤੇ 21,000/- ਰੁਪਏ ਦੇ ਨਕਦ ਪੁਰਸਕਾਰ ਵੀ ਦਿੱਤੇ।

# ਸਿਹਤਮੰਦ ਖ਼ੁਰਾਕ ਲਈ ਨੁਕਤੇ

ਸੁਚੱਜੀ ਚੋਣ ਅਤੇ ਵੱਖ-ਵੱਖ ਭੋਜਨਾਂ ਦੇ ਸੁਮੇਲ ਨਾਲ ਖੁਰਾਕ ਵਿਚ ਮੌਜੂਦ ਸਭ ਤਰ੍ਹਾਂ ਦੇ ਪੌਸ਼ਟਿਕ ਤੱਤਾਂ ਨੂੰ ਸਰੀਰ ਲਈ ਉਪਲੱਬਧ ਕਰਵਾਇਆ ਜਾ ਸਕਦਾ ਹੈ । ਵੱਖ-ਵੱਖ ਤਰ੍ਹਾਂ ਦੇ ਭੋਜਨ ਸਰੀਰ ਨੂੰ ਸਭ ਤਰ੍ਹਾਂ ਦੇ ਪੌਸ਼ਟਿਕ ਤੱਤ ਪਹੁੰਚਾਉਣ ਲਈ ਸਭ ਤੋਂ ਵਧੀਆ ਜ਼ਰੀਆ ਬਣਦੇ ਹਨ । ਉਦਾਹਰਣ ਦੇ ਤੌਰ ਤੇ ਅਨਾਜ, ਮੋਟੇ ਅਨਾਜ ਅਤੇ ਦਾਲਾਂ ਜ਼ਿਆਦਾਤਰ ਪੌਸ਼ਟਿਕ ਤੱਤਾਂ ਦਾ ਇਕ ਸੋਮਾ ਹੈ । ਰੋਜ਼ਾਨਾ ਦੀ ਪ੍ਰੋਟੀਨ ਲੋੜ ਨੂੰ ਪੂਰਾ ਕਰਨ ਲਈ ਇੰਡੀਅਨ ਕਾਊਂਸਲ ਆਫ ਮੈਡੀਕਲ ਰਿਸਰਚ ਨੇ ਅਨਾਜ-ਦਾਲਾਂ-ਦੁੱਧ ਖੁਰਾਕ ਦੀ 3:1:2.5 ਮਿਕਦਾਰੀ ਦੀ ਸਿਫਾਰਿਸ਼ ਕੀਤੀ ਹੈ ।

★ ਦੋ ਜਾਂ ਤਿੰਨ ਦਾਲਾਂ ਨੂੰ ਰਲਾ ਕੇ ਖਾਣ ਨਾਲ ਇਹਨਾਂ ਦੀ ਖੁਰਾਕੀ



ਮਹੱਤਤਾ ਵੱਧਦੀ ਹੈ । ਸੋਇਆਬੀਨ ਦੀ ਦਾਲ ਨੂੰ ਆਪਣੀ ਖੁਰਾਕ ਦਾ ਹਿੱਸਾ ਬਣਾਓ । ਸੋਇਆਬੀਨ ਵਿਚ ਬਾਕੀ ਦਾਲਾਂ ਨਾਲੋਂ ਵੱਧ ਅਤੇ ਚੰਗੀ ਕਿਸਮ ਦਾ ਪ੍ਰੋਟੀਨ ਹੁੰਦਾ ਹੈ ।

★ ਦਾਲਾਂ ਨੂੰ ਪੁੰਗਰਾ ਕੇ ਖਾਓ । ਪੁੰਗਰਾਉਣ ਨਾਲ ਦਾਲਾਂ ਦੀ ਪੌਸ਼ਟਿਕਤਾ ਵੱਧਦੀ ਹੈ ਅਤੇ ਇਹ ਸਾਡੇ ਸਰੀਰ ਵਿਚ ਛੇਤੀ ਪੱਚ ਜਾਂਦੀਆਂ ਹਨ ।

★ ਰੇਸ਼ੇ ਯੁਕਤ ਭੋਜਨ ਵੱਧ ਤੋਂ ਵੱਧ ਖਾਓ ਜਿਵੇਂ ਕਿ ਫਲ, ਸਬਜ਼ੀਆਂ, ਸਾਬਤ ਅਨਾਜ ਅਤੇ ਦਾਲਾਂ । ਇਹਨਾਂ ਨੂੰ ਖਾ ਕੇ ਛੇਤੀ ਭੁੱਖ ਨਹੀਂ ਲੱਗਦੀ । ਖੁਰਾਕੀ ਰੇਸ਼ੇ ਸ਼ੂਗਰ ਨੂੰ ਵੀ ਕੰਟਰੋਲ ਵਿਚ ਰੱਖਦੇ ਹਨ ।

★ ਰੋਜ਼ਾਨਾ ਖੁਰਾਕ ਵਿਚ ਹਰੇ, ਸੰਤਰੀ, ਚਿੱਟੇ, ਜਾਮਣੀ, ਲਾਲ ਅਤੇ ਪੀਲੇ ਫਲ ਅਤੇ ਸਬਜ਼ੀਆਂ ਨੂੰ ਸ਼ਾਮਲ ਕਰੋ । ਰੰਗ ਬਿਰੰਗੀਆਂ ਸਬਜ਼ੀਆਂ ਅਤੇ ਫਲ ਐਂਟੀਆਕਸੀਡੈਂਟ ਅਤੇ ਹੋਰ ਭੋਜਨ ਤੱਤਾਂ ਦਾ ਖਜ਼ਾਨਾ ਹਨ । ਇਹਨਾਂ ਸਦਕਾ ਸਰੀਰ ਨੂੰ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਮਿਲਦੀ ਹੈ ।

★ ਘਿਓ ਅਤੇ ਮੱਖਣ ਦੀ ਵਰਤੋਂ ਸੰਜਮਤਾ ਨਾਲ ਕਰੋ ਕਿਉਂਕਿ ਇਹਨਾਂ ਨੂੰ ਵਧੇਰੇ ਮਾਤਰਾ ਵਿਚ ਖਾਣ ਨਾਲ ਖੂਨ ਵਿਚ ਕੋਲੈਸਟਰੋਲ ਦੀ ਮਾਤਰਾ ਵੱਧ ਜਾਂਦੀ ਹੈ, ਜਿਸ ਨਾਲ ਦਿਲ ਦੇ ਰੋਗ ਹੋਣ ਦਾ ਖਤਰਾ ਵੱਧ ਜਾਂਦਾ ਹੈ ।

★ ਦੁੱਧ ਨਾਲੋਂ ਦਹੀਂ ਵਧੇਰੇ ਲਾਭਦਾਇਕ ਹੁੰਦਾ ਹੈ ਕਿਉਂਕਿ ਨਾ ਸਿਰਫ ਦਹੀਂ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦਾ ਹੈ ਸਗੋਂ ਇਹ ਸਰੀਰ ਨੂੰ ਬਿਮਾਰੀ ਨਿਰੋਧਕ ਬੈਕਟੀਰੀਆ ਵੀ ਪ੍ਰਦਾਨ ਕਰਦਾ ਹੈ ।

★ ਸਰੀਰ ਨੂੰ ਪਾਣੀ ਦੀ ਕਮੀ ਤੋਂ ਬਚਾਉਣ ਲਈ ਅਤੇ ਜ਼ਹਿਰੀਲੇ ਪਦਾਰਥਾਂ ਦੇ ਸਰੀਰ ਵਿੱਚੋਂ ਨਿਕਾਸ ਲਈ ਰੋਜ਼ਾਨਾ 8-10 ਗਲਾਸ ਪਾਣੀ ਪੀਓ । ਰਵਾਇਤੀ ਪੇਅ ਪਦਾਰਥਾਂ ਜਿਵੇਂ ਕਿ ਲੱਸੀ, ਕਾਂਜੀ, ਸੱਤੂ, ਆਮਪੰਨਾ, ਜਲਜ਼ੀਰਾ ਆਦਿ ਦੇ ਸੇਵਨ ਨੂੰ ਤਰਜ਼ੀਹ ਦਿਓ । ਕਾਰਬੋਨੇਟਡ ਪੇਅ ਪਦਾਰਥਾਂ ਤੋਂ ਪਰਹੇਜ਼ ਕਰੋ ।

★ ਭੋਜਨ ਵਿਚ ਮਿਠਾਸ ਲਈ ਖੰਡ ਦੀ ਬਜਾਇ ਗੁੜ, ਸ਼ੱਕਰ, ਸ਼ਹਿਦ



ਦਾ ਇਸਤੇਮਾਲ ਕਰੋ । ਇਹ ਰਸਾਇਣਕ ਪਦਾਰਥਾਂ ਤੋਂ ਰਹਿਤ ਹੁੰਦੇ ਹਨ ਅਤੇ ਵਧੀਆ ਪੋਸ਼ਣ ਪ੍ਰਦਾਨ ਕਰਦੇ ਹਨ ।

★ ਵਰਜਿਸ਼ ਅਤੇ ਸਰੀਰਕ ਗਤੀਵਿਧੀਆਂ ਸਰੀਰ ਨੂੰ ਸਿਹਤਮੰਤ ਅਤੇ ਨਿਰੋਗ ਰੱਖਦੀਆਂ ਹਨ । ਰੋਜ਼ਾਨਾ ਦੀ 30 ਮਿੰਟ ਦੀ ਕਸਰਤ ਨਾਲ ਸਰੀਰਕ ਅਤੇ ਮਾਨਸਿਕ ਸਿਹਤ ਵਿਚ ਸੁਧਾਰ ਕੀਤਾ ਜਾ ਸਕਦੀ ਹੈ ।

ਸੰਤੁਲਿਤ ਖੁਰਾਕ, ਸੁਚੱਜੀ ਜੀਵਨ ਸ਼ੈਲੀ, ਭਰਪੂਰ ਨੀਂਦ, ਸਾਫ-ਸਫਾਈ, ਕੁਦਰਤ ਨਾਲ ਨੇੜਤਾ, ਤਾਜ਼ੀ ਹਵਾ ਅਤੇ ਧੁੱਪ ਦੀ ਪ੍ਰਾਪਤੀ, ਸਰੀਰ ਵਿਚਲੀ ਨਮੀਂ ਨੂੰ ਬਰਕਰਾਰ ਰੱਖਣਾ ਅਤੇ ਜੀਵਨ ਪ੍ਰਤੀ ਉਸਾਰੂ ਰਵੱਈਆ ਸਿਹਤਮੰਦੀ ਵੱਲ ਪੈੜਾਂ ਪੁੱਟਣ ਦੇ ਅਹਿਮ ਕਾਰਕ ਹਨ ।

**ਸੋਨਿਕਾ ਸ਼ਰਮਾ, ਭੋਜਨ ਅਤੇ ਪੋਸ਼ਣ ਵਿਭਾਗ, ਲੁਧਿਆਣਾ**
**ਮੋਬਾਇਲ** : 81461-22277



# ਕਿਸਾਨ ਮੁੜ ਸੜਕਾਂ 'ਤੇ ਨਿੱਤਰੇ

ਮੋਹਨ ਸਿੰਘ (ਡਾ.)
ਮੋ. 78883-27695

ਦਿੱਲੀ ਕਿਸਾਨ ਅੰਦੋਲਨ ਵਾਂਗ ਕਿਸਾਨਾਂ ਨੂੰ ਬੈਰੀਕੇਡਾਂ ਨਾਲ ਫਿਰ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਕਾਰਨ ਕਿਸਾਨਾਂ ਸਿਰ ਕਰਜ਼ਾ ਤੇਜ਼ੀ ਨਾਲ ਵਧ ਰਿਹਾ ਹੈ ਅਤੇ ਇਹ ਸਤੰਬਰ 2016 ਤੱਕ 12.60 ਲੱਖ ਕਰੋੜ ਰੁਪਏ ਕਰਜ਼ਾ ਹੋ ਚੁੱਕਾ ਸੀ। 1995 ਤੋਂ 2013 ਤੱਕ 12.60 ਤਿੰਨ ਲੱਖ ਤੋਂ ਵੱਧ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਸਨ। ਦੁਨੀਆ ਦੇ 8 ਹਜ਼ਾਰ ਸਾਲ ਦੇ ਇਤਿਹਾਸ ਵਿਚ ਮਹਾਂਮਾਰੀਆਂ ਜਾਂ ਕਾਲਾਂ ਨਾਲ ਕਿਸਾਨ ਮਰਦੇ ਤਾਂ ਸੁਣੇ।

ਮੁਲਕ ਵਿਚ ਕਿਸਾਨੀ ਦੀ ਇਸ ਭਿਆਨਕ ਤਸਵੀਰ ਦੇ ਬਾਵਜੂਦ ਆਗੂਆ ਨੂੰ ਕਿਸਾਨਾਂ ਨਾਲ ਹਮਦਰਦੀ ਤਾਂ ਕੀ ਹੋਣੀ ਹੈ ਸਗੋਂ ਕਾਰਪੋਰੇਟ ਮੀਡੀਆ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਲਈ ਕਿਸਾਨਾਂ ਦੁਆਰਾ ਵਿਆਹਾਂ, ਪਾਰਟੀਆਂ ਅਤੇ ਫਜ਼ੂਲ ਖਰਚੀ ਕਰਨ ਵਾਲੇ ਬੇਪ੍ਰਵਾਹ ਜੱਟਬੂਟ ਗਰਦਾਰ ਕੇ ਉਨ੍ਹਾਂ ਨੂੰ ਜਿੰਮੇਵਾਰ ਠਹਿਰਾ ਰਿਹਾ ਹੈ। ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਆਗੂ ਸ਼ਿਵਰਾਜ ਚੌਹਾਨ ਜਿਹੜਾ ਖੁਦ ਨੂੰ ਕਿਸਾਨਾਂ ਦਾ 'ਪੁੱਤ' ਅਖਵਾਉਂਦਾ ਸੀ, ਨੇ ਕਿਹਾ ਸੀ ਕਿ ਕਿਸਾਨ ਕਰਜ਼ੇ ਕਾਰਨ ਨਹੀਂ, ਸ਼ਰਾਬ ਪੀਣ ਕਾਰਨ ਖੁਦਕੁਸ਼ੀਆਂ ਕਰ ਰਹੇ ਹਨ। ਭਾਜਪਾ ਪੱਖੀ ਅਰਥ ਸ਼ਾਸਤਰੀ ਅਰਵਿੰਦ ਪਨਗੜ੍ਹੀਆ ਅਤੇ ਜਗਦੀਸ਼ ਭਗਵਤੀ ਕਹਿ ਰਹੇ ਸਨ ਕਿ ਭਾਰਤ ਵਰਗੇ ਵੱਡੇ ਦੇਸ਼ ਵਿਚ ਤਿੰਨ ਲੱਖ ਖੁਦਕੁਸ਼ੀਆਂ ਕੋਈ ਵੱਡਾ ਅੰਕੜਾ ਨਹੀਂ। ਸਭ ਤੋਂ ਵੱਧ ਖੁਦਕੁਸ਼ੀਆਂ ਉਨ੍ਹਾਂ ਰਾਜਾਂ ਵਿਚ ਹੋ ਰਹੀਆਂ ਹਨ ਜਿੱਥੇ ਜ਼ਿਆਦਾ ਨਗਦ ਫਸਲਾਂ ਹੁੰਦੀਆਂ ਹਨ ਅਤੇ ਕਰਜ਼ਾ ਚੁੱਕ ਕੇ ਖੇਤੀ ਕੀਤੀ ਜਾਂਦੀ ਹੈ। ਖੁਦਕੁਸ਼ੀਆਂ ਦੇ ਜ਼ਿਆਦਾ ਕੇਸ ਹਰੇ ਇਨਕਲਾਬ ਦੇ ਪਿਤਾਮਾ ਕਹੇ ਜਾਂਦੇ ਪੰਜਾਬ, ਰਾਜਸਥਾਨ, ਮਹਾਂਰਾਸ਼ਟਰ, ਕੇਰਲ, ਆਂਧਰਾ ਪ੍ਰਦੇਸ਼, ਤਿਲੰਗਾਨਾ, ਕਰਨਾਟਕ, ਉੜੀਸਾ ਤੇ ਮੱਧ ਪ੍ਰਦੇਸ਼ 'ਚ ਹਨ।

ਡਾ. ਐੱਮ ਐੱਸ ਸਵਾਮੀਨਾਥਨ ਨੇ ਖੁਦਕਰਸ਼ੀਆਂ ਦੀ ਸਮੱਸਿਆ ਨੂੰ ਪਹਿਲ ਦੇ ਆਧਾਰ 'ਤੇ ਨਜਿੱਠਣ ਨੂੰ ਮੁੱਖ ਟੀਚਾ ਬਣਾਇਆ ਸੀ। ਯੂ ਪੀ ਏ ਸਰਕਾਰ ਦੌਰਾਨ ਡਾ. ਸਵਾਮੀਨਾਥਨ ਦੀ ਅਗਵਾਈ ਵਿਚ ਬਣਾਏ 'ਕਿਸਾਨਾਂ ਲਈ ਕੌਮੀ ਕਮਿਸ਼ਨ' ਨੇ ਡੂੰਘੀ ਖੋਜ ਪੜਤਾਲ ਕਰਕੇ ਜ਼ਰੱਈ ਸੰਕਟ ਨਜਿੱਠਣ ਲਈ ਅਕਤੂਬਰ 2006 ਵਿਚ ਆਪਣੀਆਂ ਨੌਂ ਨੁਕਾਤੀ ਸਿਫਾਰਸ਼ਾਂ ਪੇਸ਼ ਕੀਤੀਆਂ ਸਨ। ਹੋਰ ਸੁਝਾਵਾਂ ਤੋਂ ਇਲਾਵਾ ਉਸ ਨੇ ਕਿਸਾਨਾਂ ਨੂੰ ਬਚਾਉਣ ਲਈ ਫਸਲਾਂ ਦੀ ਉਤਪਾਦਕਤਾ ਵਿਚ ਵਾਧੇ ਦੇ ਸੁਧਾਰ ਨਾਲ ਮੰਡੀਯੋਗ ਵਾਧੂ ਉਪਜ ਨੂੰ ਯਕੀਨੀ ਬਣਾ ਕੇ ਲਾਭਕਾਰੀ ਮੰਡੀ ਮੌਕਿਆਂ ਨਾਲ ਜੋੜਨ, ਫਸਲ ਆਧਾਰਿਤ ਕਿਸਾਨ ਕੋਆਪਰੇਟਿਵ ਬਣਾਉਣ, ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਲਾਗੂ ਕਰਨ 'ਚ ਸੁਧਾਰ ਕਰਕੇ ਕਣਕ ਅਤੇ ਝੋਨੇ ਤੋਂ ਅੱਗੇ ਹੋਰ ਫਸਲਾਂ ਵੀ ਇਸ ਦੇ ਘੇਰੇ ਵਿਚ ਲਿਆਉਣ, ਬਾਜਰਾ ਤੇ ਹੋਰ ਮੋਟੇ ਪੌਸ਼ਟਿਕ ਅਨਾਜਾਂ ਨੂੰ ਵੀ ਪੱਕੇ ਤੌਰ 'ਤੇ ਜਨਤਕ ਵੰਡ ਪ੍ਰਣਾਲੀ 'ਚ ਸ਼ਾਮਲ ਕਰਨ, ਖੇਤੀਬਾੜੀ ਪੈਦਾਵਾਰ ਮੰਡੀਕਰਨ ਕਾਨੂੰਨ (ਏ ਪੀ ਐੱਮ ਸੀ ਏ) ਨੂੰ ਹੋਰ ਅਸਰਕਾਰੀ ਬਣਾਉਣ ਦੇ ਸੁਝਾਅ ਦਿੱਤੇ ਸਨ। ਉਸ ਦਾ ਸਭ ਤੋਂ ਅਹਿਮ ਸੁਝਾਅ ਘੱਟੋ-ਘੱਟ ਸਮਰਥਨ ਮੁੱਲ ਸੀ2 ਪਲੱਸ ਫਸਲਾਂ ਦੀ ਲਾਗਤ ਦਾ 50 ਪ੍ਰਤੀਸ਼ਤ ਵੱਧ ਦੇਣ ਬਾਰੇ ਸੀ।

ਵੱਖ ਵੱਖ ਸਰਕਾਰ ਨੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਦਰਕਨਾਰ ਕਰਦਿਆਂ ਖੇਤੀ ਅਤੇ ਫਸਲਾਂ ਦੇ ਵਪਾਰ ਨੂੰ ਦੇਸੀ-ਵਿਦੇਸ਼ੀ ਵੱਡੀਆਂ ਕੰਪਨੀਆਂ ਦੇ ਹਵਾਲੇ ਕੀਤਾ ਹੈ। ਸਿਫਾਰਸ਼ਾਂ ਅਨੁਸਾਰ ਬਾਜਰੇ ਅਤੇ ਹੋਰ ਮੋਟੇ ਪੌਸ਼ਟਿਕ ਅਨਾਜ ਨੂੰ ਜਨਤਕ ਵੰਡ ਪ੍ਰਣਾਲੀ (ਪੀ ਡੀ ਐੱਸ) 'ਚ ਸ਼ਾਮਲ ਕਰਨ ਦੀ ਬਜਾਇ ਇਸ ਪ੍ਰਣਾਲੀ ਦਾ ਹੀ ਭੋਗ ਪਾਉਣ ਦੀਆਂ ਗੋਂਦਾ ਗੁੰਦੀਆਂ ਜਾ ਰਹੀਆਂ ਹਨ। ਇਸੇ ਕਰ ਕੇ ਕਿਸਾਨ, ਸੰਸਾਰ ਵਪਾਰ ਸੰਸਥਾ ਵਿੱਚੋਂ ਬਾਹਰ ਆਉਣ ਦੀ ਮੰਗ ਕਰ ਰਹੇ ਹਨ। ਸਰਕਾਰਾਂ ਖੇਤੀ ਦੀ ਉਤਪਾਦਕਤਾ ਵਧਾਉਣ ਅਤੇ ਫਸਲਾਂ ਵਿਚ ਵੰਨ-ਸਵੰਨਤਾ ਦੀਆਂ ਗੱਲਾਂ ਤਾ ਕਰ ਰਹੀਆਂ ਹਨ, ਪਰ ਅਜਿਹਾ ਕਰਨ ਲਈ ਕਿਸਾਨਾਂ ਅੱਗੇ ਕੋਈ ਠੋਸ ਨੀਤੀਆਂ ਨਹੀਂ ਰੱਖ ਰਹੀਆਂ। ਪੰਜਾਬ ਦੀ ਖੇਤੀ ਉਤਪਾਦਕਤਾ ਵਿਕਸਿਤ ਦੇਸ਼ਾਂ ਦੇ ਮੁਕਾਬਲੇ ਦੀ ਹੈ। ਪੰਜਾਬ ਵਿਚ ਫਸਲੀ ਤੀਬਰਤਾ ਲਗਭਗ 1.90% ਹੈ ਅਤੇ ਪੰਜਾਬ ਦਾ 99% ਤੋਂ ਵੱਧ ਰਕਬਾ ਸਿੰਜਾਈ ਅਧੀਨ ਹੈ। ਮੌਜੂਦਾ ਤਕਨੀਕਾਂ ਨਾਲ ਨਾ ਪੰਜਾਬ ਦੀ ਫਸਲੀ ਤੀਬਰਤਾ, ਨਾ ਸਿੰਜਾਈ ਖੇਤਰ, ਨਾ ਰਸਾਇਣਾਂ ਅਤੇ ਮਸ਼ੀਨਰੀ ਦੀ ਹੋਰ ਵਰਤੋਂ ਨਾਲ ਅਤੇ ਨਾ ਹੀ ਜ਼ਮੀਨੀ ਸੁਧਾਰ ਕਰ ਕੇ ਖੇਤੀ ਫਸਲਾਂ ਦੀ ਉਤਪਾਦਕਤਾ ਵਧਾ ਕੇ ਹੋਰ ਝਾੜ ਵਧਾਇਆ ਜਾ ਸਕਦਾ ਹੈ। ਇਸ ਪੂੰਜੀਵਾਦੀ ਸਾਮਰਾਜੀ ਵਿਵਸਥਾ ਵਿਚ ਇਹ ਵੱਧ ਤੋਂ ਵੱਧ ਹੋ ਚੁੱਕਾ ਹੈ। ਇਸ ਦੇ ਬਾਵਜੂਦ ਪੰਜਾਬ ਦੇ ਕਿਸਾਨਾਂ ਸਿਰ ਇਕ ਲੱਖ ਕਰੋੜ ਰੁਪਏ ਬੈਂਕਿੰਗ ਕਰਜ਼ਾ ਹੈ ਜੋ ਭਾਰਤ ਦੇ ਸਾਰੇ ਰਾਜਾਂ ਨਾਲੋਂ ਵੱਧ ਹੈ ; ਸ਼ਾਹੂਕਾਰਾਂ ਦਾ ਕਰਜ਼ਾ ਇਸ ਤੋਂ ਵੱਖਰਾ ਹੈ। ਇੱਥੋਂ ਦੇ ਕਿਸਾਨ ਮਜ਼ਦੂਰ ਵੱਡੀ ਪੱਧਰ 'ਤੇ ਖੁਦਕੁਸ਼ੀਆਂ ਕਰ ਰਹੇ ਹਨ। ਅੰਕੜਿਆਂ ਅਨੁਸਾਰ, 16600 ਤੋਂ ਵੱਧ ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਕਰ ਚੁੱਕੇ ਹਨ।



**ਕਿਸਾਨ ਪਰਿਵਾਰਾਂ ਨੂੰ ਮਹਿੰਗਾਈ ਦੇ ਦੌਰ ਅੰਦਰ ਭੋਜਨ, ਕੱਪੜੇ, ਘਰ ਬਣਾਉਣ, ਘਰਾਂ ਦੀ ਮੁਰੰਮਤ, ਖੇਤੀ ਧੰਦਾ ਵਿਕਸਤ ਕਰਨ ਲਈ ਨਿਵੇਸ਼, ਸਮਾਜਿਕ ਜ਼ਿੰਦਗੀ ਜਿਉਣ, ਸਿੱਖਿਆ, ਸਿਹਤ ਆਦਿ ਉੱਪਰ ਖਰਚ ਲਈ ਫਸਲਾਂ ਦੀ ਲਾਭਕਾਰੀ ਵਾਜਿਬ ਕੀਮਤ ਚਾਹੀਦੀ ਹੈ ਅਤੇ ਬੱਚਿਆਂ ਦੀ ਪੜ੍ਹਾਈ ਲਈ ਯੋਗ ਖਰਚੇ ਦੀ ਜ਼ਰੂਰਤ ਹੁੰਦੀ ਹੈ। ਇਨ੍ਹਾਂ ਸਾਰੇ ਖਰਚਿਆਂ ਲਈ ਕਿਸਾਨਾਂ ਲਈ 50% ਆਮਦਨ ਵਿਚ ਵਾਧਾ ਵਾਜਿਬ ਹੈ ਪਰ ਬਦਲ ਕੇ ਬਣ ਰਹੀਆਂ ਸਰਕਾਰਾਂ ਕਾਰਪੋਰੇਟ ਪੱਖੀ ਨੀਤੀਆਂ 'ਤੇ ਚੱਲ ਰਹੀਆਂ ਹਨ। ਇਨ੍ਹਾਂ ਨੀਤੀਆਂ 'ਤੇ ਚੱਲ ਕੇ ਇਹ ਮੁਲਕ ਦੇ ਕਾਰਪੋਰੇਟਾਂ ਪੱਖੀ ਨੀਤੀਆਂ ਅਪਣਾ ਰਹੀਆਂ ਹਨ। ਇਹ ਨੀਤੀਆਂ ਮਜ਼ਦੂਰਾਂ ਅਤੇ ਕਿਸਾਨਾਂ ਦੇ ਉਲਟ ਭੁਗਤ ਰਹੀਆਂ ਹਨ।**

ਕਿਹਾ ਜਾ ਰਿਹਾ ਹੈ ਕਿ ਕਿਸਾਨਾਂ ਨੂੰ ਖੇਤੀ ਵੰਨ-ਸਵੰਨਤਾ ਅਪਣਾਉਣੀ ਚਾਹੀਦੀ ਹੈ ਪਰ ਪੰਜਾਬ ਦੇ ਕਿਸਾਨਾਂ ਨੇ ਅੰਗੂਰ, ਕਿੰਨੂ, ਆਲੂ, ਸੂਰਜਮੁਖੀ, ਬਾਸਮਤੀ, ਗੋਭੀ, ਮੱਕੀ, ਫਲ, ਫੁੱਲ ਆਦਿ ਬੀਜ ਕੇ ਵੰਨ-ਸਵੰਨਤਾ ਕਰ ਕੇ ਦੇਖ ਲਈ ਹੈ ; ਫਸਲਾਂ ਦੇ ਵਾਧੂ ਉਤਪਾਦਨ ਸਮੇਂ ਉਨ੍ਹਾਂ ਨੂੰ ਫਸਲਾਂ ਨਾ ਵਿਕਣ ਕਾਰਨ ਕਦੇ ਆਲੂ, ਕਦੇ ਅੰਗੂਰ, ਕਦੇ ਗੋਭੀ ਤੇ ਕਦੇ ਕਿੰਨੂ ਸੜਕਾਂ 'ਤੇ ਸੁੱਟਣ ਲਈ ਮਜਬੂਰ ਹੋਣਾ ਪਿਆ ਹੈ। ਭਾਰਤ ਕੋਲ ਕੁੱਲ ਖੇਤੀ ਉਤਪਾਦ ਨੂੰ ਸਟੋਰ ਕਰਨ ਦੀ ਸਿਰਫ 65% ਸਮਰੱਥਾ ਦੇ ਬਾਵਜੂਦ ਕੇਂਦਰ ਸਰਕਾਰ ਭਾਰਤੀ ਖੁਰਾਕ ਨਿਗਮ (ਐੱਫ ਸੀ ਆਈ) ਵਰਗੀਆਂ ਸਰਕਾਰੀ ਏਜੰਸੀਆਂ ਦਾ ਭੋਗ ਪਾ ਰਹੀ ਹੈ ਅਤੇ ਸੰਸਾਰ ਵਪਾਰ ਸੰਸਥਾ ਦੀਆਂ ਹਦਾਇਤਾਂ ਅਨੁਸਾਰ ਸ਼ਾਂਤਾ ਕਮੇਟੀ ਦੀਆਂ ਸਿਫਾਰਸ਼ਾਂ ਰਾਹੀਂ ਸਰਕਾਰੀ ਮੰਡੀਆਂ ਤੇ ਪੀ ਡੀ ਐੱਸ ਤੋੜਨ ਦੀਆਂ ਵਿਉਂਤਾਂ ਬਣਾ ਰਹੀ ਹੈ। ਕੇਂਦਰ ਸਰਕਾਰ ਸਾਉਣੀ ਅਤੇ ਹਾੜ੍ਹੀ ਦੀਆਂ 23 ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਤੈਅ ਕਰਕੇ ਖਰੀਦ ਸਿਰਫ ਪੰਜਾਬ ਅਤੇ ਹਰਿਆਣੇ ਵਿਚ ਝੋਨੇ ਅਤੇ ਕਣਕ ਦੀ ਹੀ ਕਰਦੀ ਹੈ। ਕਿਸਾਨਾਂ ਦੀਆਂ 94% ਫਸਲਾਂ ਪ੍ਰਾਈਵੇਟ ਵਪਾਰੀ ਖਰੀਦਦੇ ਹਨ ਅਤੇ ਇਹ ਫਸਲਾਂ ਆਮ ਤੌਰ 'ਤੇ ਘੱਟੋ ਘੱਟ ਸਮਰਥਨ ਮੁੱਲ ਤੋਂ ਵੀ ਥੱਲੇ ਵਿਕਦੀਆਂ ਹਨ। ਜਦੋਂ ਵੀ ਫਸਲਾਂ ਦੀ ਥੋੜ੍ਹੀ ਜਿਹੀ 'ਵਾਧੂ ਪੈਦਾਵਾਰ' ਹੋ ਜਾਂਦੀ ਹੈ ਤਾਂ ਇਹ ਰੁਲ ਜਾਂਦੀਆਂ ਹਨ ਜਾਂ ਕੌਡੀਆਂ ਦੇ ਭਾਅ ਖਰੀਦੀਆਂ ਜਾਂਦੀਆਂ ਹਨ।

ਕੇਂਦਰ ਨੇ ਘੱਟੋ ਘੱਟ ਸਮਰਥਨ ਮੁੱਲ ਤੈਅ ਕਰਨ ਲਈ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ (ਸੀ ਏ ਸੀ ਪੀ) ਬਣਾਇਆ ਹੋਇਆ ਹੈ। ਇਹ ਕਮਿਸ਼ਨ ਖੇਤੀ ਲਾਗਤਾਂ ਨੂੰ ਤਿੰਨ ਮੱਦਾ ਅਧੀਨ ਲੈਂਦਾ ਹੈ : (1) ਬੀਜ, ਖਾਦ, ਰਸਾਇਣ, ਵਹਾਈ ਆਦਿ; (2) ਪਰਿਵਾਰਕ ਅਤੇ ਹੋਰ ਖਰੀਦੀ ਗਈ ਲੇਬਰ; (3) ਜ਼ਮੀਨ ਦਾ ਲਗਾਨ ਅਤੇ ਖਰਚ ਕੀਤੀਆਂ ਲਾਗਤਾਂ 'ਤੇ ਪੈਣ ਵਾਲਾ ਵਿਆਜ। ਇਸ ਤੋਂ ਇਲਾਵਾ ਕੁਝ ਫਸਲਾਂ 'ਤੇ ਬੋਨਸ ਦਿੱਤਾ ਜਾਂਦਾ ਹੈ ਪਰ ਕਮਿਸ਼ਨ ਆਮ ਤੌਰ 'ਤੇ ਫਸਲਾਂ ਦੀਆਂ ਕੀਮਤਾਂ ਖੇਤੀ ਲਾਗਤਾਂ ਤੋਂ ਘੱਟ ਤੈਅ ਕਰਦਾ ਹੈ। ਕਮਿਸ਼ਨ ਨੇ 2017-18 ਦੇ ਘੱਟੋ ਘੱਟ ਸਮਰਥਨ ਮੁੱਲ ਦੇ ਐਲਾਨ ਅਨੁਸਾਰ ਨਰਮੇ ਦਾ ਲਾਗਤ ਖਰਚਾ 4376 ਰੁਪਏ ਪ੍ਰਤੀ ਕੁਇੰਟਲ, ਰਾਗੀ ਦਾ 2351 ਰੁਪਏ ਅਤੇ ਜਵਾਰ ਦਾ ਲਾਗਤ ਖਰਚਾ 2089 ਰੁਪਏ ਪ੍ਰਤੀ ਕੁਇੰਟਲ ਗਿਣਿਆ ਸੀ। ਇਸ ਦੇ ਬਾਵਜੂਦ ਇਸ ਨੇ ਨਰਮੇ ਦਾ ਘੱਟੋ ਘੱਟ ਸਮਰਥਨ ਮੁੱਲ 4020 ਰੁਪਏ, ਰਾਗੀ ਦਾ 1900 ਰੁਪਏ ਅਤੇ ਜਵਾਰ ਦਾ 1700 ਰੁਪਏ ਪ੍ਰਤੀ ਕੁਇੰਟਲ ਐਲਾਨ ਕੀਤਾ ਸੀ। ਇਉਂ ਜੇ ਕਿਸਾਨਾਂ ਦੀ ਫਸਲ ਘੱਟੋ ਘੱਟ ਸਮਰਥਨ ਮੁੱਲ ਉੱਪਰ ਵਿਕ ਵੀ ਜਾਵੇ ਤਾਂ ਵੀ ਨਰਮੇ 'ਤੇ 356 ਰੁਪਏ, ਰਾਗੀ 'ਤੇ 451 ਰੁਪਏ ਅਤੇ ਜਵਾਰ 'ਤੇ 389 ਰੁਪਏ ਕੁਇੰਟਲ ਦਾ ਘਾਟਾ ਪਿਆ। ਇਹ ਵਰਤਾਰਾ 2017-18 ਤੱਕ ਹੀ ਸੀਮਤ ਨਹੀਂ। ਡਾ. ਐੱਮ ਐੱਸ ਸਵਾਮੀਨਾਥਨ ਨੇ ਫਸਲਾਂ ਦੇ ਸੀ2 ਲਾਗਤ ਖਰਚੇ 'ਤੇ 50 ਪ੍ਰਤੀਸ਼ਤ ਮੁਨਾਫੇ ਦੀ ਸਿਫਾਰਸ਼ ਕੀਤੀ ਹੈ। ਯੂ ਪੀ ਏ ਸਰਕਾਰ ਦੇ ਖੁਦ ਸਵਾਮੀਨਾਥਨ ਕਮਿਸ਼ਨ ਬਣਾ ਕੇ ਇਸ ਦੀਆਂ ਸਿਫਾਰਸ਼ਾਂ ਲਾਗੂ ਨਹੀਂ ਕੀਤੀਆਂ। ਉਲਟਾ ਇਸ ਨੇ ਸਿਫਾਰਸ਼ਾਂ ਨੂੰ ਖੁੱਲ੍ਹੇ ਮੁਕਾਬਲੇ ਵਿਚ ਵਿਘਨ ਪਾਉਣ ਵਾਲਾ ਕਹਿ ਕੇ ਕਮਿਸ਼ਨ ਤੋੜਨ ਲਈ ਰਮੇਸ਼ ਚੰਦ ਕਮੇਟੀ ਬਣਾ ਦਿੱਤੀ ਪਰ ਰਮੇਸ਼ ਚੰਦ ਕਮੇਟੀ ਨੇ ਯੂ ਪੀ ਏ ਸਰਕਾਰ ਦੀ ਇੱਛਾ ਦੀ ਉਲਟ ਕਿਸਾਨਾਂ ਦੀ ਮਾੜੀ ਹਾਲਤ ਦੇਖ ਕੇ ਕਮਿਸ਼ਨ ਤੋੜਨ ਦੀ ਬਜਾਇ ਇਸ ਨੂੰ ਹੋਰ ਕੁਸ਼ਲ ਬਣਾਉਣ, ਖੇਤੀ ਜੋਖਮ ਭਰਿਆ ਧੰਦਾ ਹੋਣ ਕਰ ਕੇ ਖੇਤੀ ਲਾਗਤ 'ਤੇ 10% ਪ੍ਰੀਮੀਅਮ ਦੇਣ, ਸਮੱਰਥਨ ਮੁੱਲ ਤੋਂ ਘੱਟ 'ਤੇ ਵਿਕਣ ਦੀ ਕਮੀ ਨੂੰ ਪੂਰਾ ਕਰਨ ਲਈ ਇਵਜ਼ਾਨਾ ਦੇਣ, ਘਰ ਦੇ ਸੀਨੀਅਰ ਜੀਅ ਨੂੰ ਤਕਨੀਕੀ ਲੇਬਰ ਦੇ ਰੁਤਬੇ ਅਨੁਸਾਰ ਖੇਤੀ ਲਾਗਤਾਂ ਵਿਚ ਗਿਣਨ, ਵਢਾਈ ਬਾਅਦ ਦੇ ਖਰਚਿਆਂ ਨੂੰ ਖੇਤੀ ਲਾਗਤਾਂ ਵਿਚ ਸ਼ਾਮਲ ਕਰਨ, ਜ਼ਮੀਨ ਦਾ ਲਗਾਨ ਪ੍ਰਚਲਿਤ ਮੰਡੀ ਰੇਟ ਅਨੁਸਾਰ ਵਿਆਜ ਨੂੰ ਮੌਲਿਕ ਆਧਾਰ 'ਤੇ ਗਿਣਨ, ਕਮਿਸ਼ਨ ਨੂੰ ਲਾਗਤਾਂ 'ਤੇ ਕੀਮਤਾਂ ਤੋਂ ਅੱਗੇ ਖੇਤੀ ਖੇਤਰ ਲਈ ਨੀਤੀਆਂ ਘੜਨ ਵਾਲੇ ਅਦਾਰੇ ਦੇ ਤੌਰ 'ਤੇ ਬਣਾ ਕੇ ਇਸ ਦਾ ਨਾਂ 'ਖੇਤੀ ਲਾਗਤਾਂ, ਕੀਮਤਾਂ ਅਤੇ ਖੇਤੀ ਨੀਤੀ ਕਮਿਸ਼ਨ' ਬਣਾਉਣ ਦੀਆਂ ਸਿਫਾਰਸ਼ਾਂ ਕੀਤੀਆਂ ਸਨ। ਇਸ ਤੋਂ ਇਲਾਵਾ ਸਿਫਾਰਸ਼ਾਂ ਵਿਚ ਕਮਿਸ਼ਨ ਨੂੰ ਹਰ ਸਾਲ ਖੇਤੀ ਲਾਗਤਾਂ ਅਤੇ ਕੀਮਤਾਂ ਦਾ ਰਿਵਿਊ ਪਾਰਲੀਮੈਂਟ 'ਚ ਅਤੇ ਤਿਮਾਹੀ ਬਾਅਦ ਕੈਬਨਿਟ ਅੱਗੇ ਰੱਖਣ, ਖੇਤੀ ਮਸ਼ੀਨਰੀ ਦੀ ਘਸਾਈ ਖੇਤੀ ਲਾਗਤਾਂ 'ਚ ਸ਼ਾਮਿਲ ਕਰਨ, ਜ਼ਮੀਨ ਵਿਕਸਿਤ ਕਰਨ ਲਈ ਪੂੰਜੀ ਨਿਵੇਸ਼ ਨੂੰ ਖੇਤੀ ਲਾਗਤਾਂ ਵਿਚ ਗਿਣਨ ਆਦਿ ਸੁਝਾਅ ਸ਼ਾਮਿਲ ਕੀਤੇ ਸਨ। ਸਰਕਾਰਾਂ ਸਵਾਮੀਨਾਥਨ ਦੀਆਂ ਸਿਫਾਰਸ਼ਾਂ ਤੋਂ ਖਹਿੜਾ ਛੁਡਾਉਣਾ ਚਾਹੁੰਦੀਆਂ ਸਨ ਪਰ ਰਮੇਸ਼ ਚੰਦ ਕਮੇਟੀ ਦੀਆਂ ਸਿਫਾਰਸ਼ਾਂ ਨੇ ਭਾਰਤੀ ਸਰਕਾਰ ਦੀ ਸਾਮਰਾਜੀ ਦੇਸ਼ਾਂ ਅਤੇ ਸੰਸਾਰ ਵਪਾਰ ਸੰਸਥਾ ਅੱਗੇ ਜਵਾਬਦੇਹੀ ਨਹੀ ਹਾਲਤ ਹੋਰ ਕਸੂਤੀ ਬਣਾ ਦਿੱਤੀ।

ਡਾ. ਸਵਾਮੀਨਾਥਨ ਨੇ ਖੇਤੀ ਵਸਤਾਂ ਦੀਆਂ ਜ਼ਿਆਦਾ ਕੀਮਤਾਂ ਮਿਥਣ ਦੀਆਂ ਸਿਫਾਰਸ਼ਾਂ ਬਾਰੇ ਪੁੱਛਣ 'ਤੇ ਕਿਹਾ ਸੀ, ''ਮੈਂ ਕੇਵਲ 50% ਦੀ ਹੀ ਸਿਫਾਰਿਸ਼ ਕੀਤੀ ਹੈ ਪਰ ਦਵਾਈ ਕੰਪਨੀਆਂ 500% ਤੋਂ ਵੱਧ ਮੁਨਾਫੇ ਲੈਂਦੀਆਂ ਹਨ। ਕੋਈ ਵੀ ਕਾਰੋਬਾਰ 50% ਮੁਨਾਫੇ ਤੋਂ ਘੱਟ 'ਤੇ ਚੱਲ ਨਹੀਂ ਸਕਦਾ। ਇਸ ਲਈ ਸਾਰਾ ਕਸ਼ਟ ਕਿਸਾਨ ਕਿਉਂ ਝੱਲਣ ?''

ਕਿਸਾਨ ਪਰਿਵਾਰਾਂ ਨੂੰ ਮਹਿੰਗਾਈ ਦੇ ਦੌਰ ਅੰਦਰ ਭੋਜਨ, ਕੱਪੜੇ, ਘਰ ਬਣਾਉਣ, ਘਰਾਂ ਦੀ ਮੁਰੰਮਤ, ਖੇਤੀ ਧੰਦਾ ਵਿਕਸਤ ਕਰਨ ਲਈ ਨਿਵੇਸ਼, ਸਮਾਜਿਕ ਜ਼ਿੰਦਗੀ ਜਿਉਣ, ਸਿੱਖਿਆ, ਸਿਹਤ ਆਦਿ ਉੱਪਰ ਖਰਚ ਲਈ ਫਸਲਾਂ ਦੀ ਲਾਭਕਾਰੀ ਵਾਜਿਬ ਕੀਮਤ ਚਾਹੀਦੀ ਹੈ ਅਤੇ ਬੱਚਿਆਂ ਦੀ ਪੜ੍ਹਾਈ ਲਈ ਯੋਗ ਖਰਚੇ ਦੀ ਜ਼ਰੂਰਤ ਹੁੰਦੀ ਹੈ। ਇਨ੍ਹਾਂ ਸਾਰੇ ਖਰਚਿਆਂ ਲਈ ਕਿਸਾਨਾਂ ਲਈ 50% ਆਮਦਨ ਵਿਚ ਵਾਧਾ ਵਾਜਿਬ ਹੈ ਪਰ ਬਦਲ ਕੇ ਬਣ ਰਹੀਆਂ ਸਰਕਾਰਾਂ ਕਾਰਪੋਰੇਟ ਪੱਖੀ ਨੀਤੀਆਂ 'ਤੇ ਚੱਲ ਰਹੀਆਂ ਹਨ। ਇਨ੍ਹਾਂ ਨੀਤੀਆਂ 'ਤੇ ਚੱਲ ਕੇ ਇਹ ਮੁਲਕ ਦੇ ਕਾਰਪੋਰੇਟਾਂ ਪੱਖੀ ਨੀਤੀਆਂ ਅਪਣਾ ਰਹੀਆਂ ਹਨ। ਇਹ ਨੀਤੀਆਂ ਮਜ਼ਦੂਰਾਂ ਅਤੇ ਕਿਸਾਨਾਂ ਦੇ ਉਲਟ ਭੁਗਤ ਰਹੀਆਂ ਹਨ।

2021 ਦੇ ਕਿਸਾਨ ਅੰਦੋਲਨ ਨੇ ਮੁਲਕ ਅੰਦਰ ਕਿਸਾਨੀ ਨੂੰ ਜਾਗ ਲਾ ਦਿੱਤੀ ਹੈ। ਦਿੱਲੀ ਕਿਸਾਨ ਅੰਦੋਲਨ ਸਾਰੇ ਭਾਰਤ ਦੇ ਕਿਸਾਨਾਂ ਲਈ ਆਪਣੀਆਂ ਮੰਗਾਂ ਮੰਨਵਾਉਣ ਲਈ ਮਾਡਲ ਬਣ ਗਿਆ ਹੈ। ਕਿਸਾਨਾਂ ਨੂੰ ਆਪਣੀਆਂ ਹੱਕੀ ਮੰਗਾਂ ਲਈ ਇਸੇ ਪੈਟਰਨ 'ਤੇ ਇਕੱਠੇ ਹੋਣਾ ਪਵੇਗਾ। ਇਸੇ ਅੰਦੋਲਨ ਤੋਂ ਮਾਰਗ ਦਰਸ਼ਨ ਲੈ ਕੇ ਕਿਸਾਨ ਫਿਰ ਅੰਦੋਲਨ ਕਰਨ ਲਈ ਨਿਤਰੇ ਹਨ।

# ਵਧੇਰੇ ਆਮਦਨ ਲਈ ਸਹਾਇਕ ਧੰਦੇ ਅਤੇ ਪ੍ਰੋਸੈਸਿੰਗ ਤਕਨੀਕਾਂ ਅਪਣਾਓ

**ਸਤਿਬੀਰ ਸਿੰਘ ਗੋਸਲ, ਵਾਈਸ ਚਾਂਸਲਰ,**
**ਅਜਮੇਰ ਸਿੰਘ ਢੱਟ, ਨਿਰਦੇਸ਼ਕ ਖੋਜ**

ਵਿਸ਼ਵੀਕਰਨ, ਕੰਪਿਊਟਰ ਤਕਨੀਕਾਂ ਦਾ ਤੇਜ਼ ਪਸਾਰ ਅਤੇ ਨਤੀਜੇ ਵੱਸ ਅਸਾਨ ਹੋਇਆ ਵਿੱਤੀ ਲੈਣ ਦੇਣ ਅਤੇ ਆਰਥਿਕਤਾ ਦੇ ਕਈ ਵਰਗਾਂ ਵਿਚ ਵਧ ਰਹੀ ਆਮਦਨ ਨੇ ਸਾਡੇ ਜੀਵਨ ਪੱਧਰ ਨੂੰ ਉਤਾਂਹ ਚੁੱਕ ਦਿੱਤਾ ਹੈ । ਪਰ ਇਸ ਦੇ ਨਾਲ ਹੀ ਸਾਡੇ ਖਰਚੇ ਵੀ ਵਧ ਗਏ ਹਨ । ਸਮਾਜਿਕ ਦਬਾਅ ਅਤੇ ਰੀਸ ਨੇ ਲੋਕਾਂ ਤੇ ਕਾਫੀ ਵਿੱਤੀ ਬੋਝ ਪਾ ਦਿੱਤਾ ਹੈ । ਇਹ ਤਾਂ ਸਭ ਨੂੰ ਪਤਾ ਹੈ ਕਿ ਅਜਿਹੀ ਚੁਣੌਤੀ ਦਾ ਹੱਲ ਸਿਰਫ ਦੋ ਤਰੀਕਿਆਂ ਨਾਲ ਹੀ ਹੋ ਸਕਦਾ ਹੈ : ਪਹਿਲਾ ਬੇਲੋੜਾ ਖਰਚਾ ਘਟਾ ਕੇ ਅਤੇ ਦੂਜਾ ਆਮਦਨ ਵਧਾ ਕੇ । ਯੂਨੀਵਰਸਿਟੀ ਵਲੋਂ ਪਿਛਲੇ ਮੇਲਿਆਂ ਅਤੇ ਹੋਰ ਪਸਾਰ ਪ੍ਰੋਗਰਾਮਾਂ ਦੌਰਾਨ ਇਕ ਨਾਅਰਾ 'ਸਾਦੇ ਵਿਆਹ ਸਾਦੇ ਭੋਗ', 'ਨਾ ਕਰਜ਼ਾ ਨਾ ਚਿੰਤਾ ਰੋਗ' ਇਸ ਯੋਜਨਾ ਦੇ ਪਹਿਲੇ ਪੱਖ ਤੇ ਕੇਂਦਰਿਤ ਸੀ । ਇਸ ਕਿਸਾਨ ਮੇਲੇ ਦਾ ਨਾਅਰਾ 'ਖੇਤੀ ਨਾਲ ਸਹਾਇਕ ਧੰਦਾ, ਪਰਿਵਾਰ ਸੁਖੀ ਮੁਨਾਫਾ ਚੰਗਾ' ਦੂਜੇ ਪੱਖ ਨੂੰ ਸੰਬੋਧਿਤ ਹੈ । ਪੰਜਾਬ ਰਾਜ ਦੇ ਲਗਭਗ 33 ਪ੍ਰਤੀਸ਼ਤ ਕਿਸਾਨ ਛੋਟੇ ਅਤੇ ਸੀਮਾਂਤ ਹਨ ਅਤੇ 62 ਫੀਸਦੀ ਕਿਸਾਨ ਦਰਮਿਆਨੇ ਹਨ । ਆਰਥਿਕ ਵਿਕਾਸ ਦੇ ਮਕਬੂਲ ਸਿਧਾਂਤਾਂ ਅਨੁਸਾਰ ਕੁਝ ਪੇਂਡੂ ਪਰਿਵਾਰ ਖੇਤੀ ਨੂੰ ਛੱਡ ਕੇ ਸਨਅਤ ਅਤੇ ਸੇਵਾਵਾਂ ਦੇ ਵਧੇਰੇ ਆਮਦਨ ਵਾਲੇ ਪਾਸੇ ਲੱਗ ਗਏ ਹਨ ਅਤੇ ਕਾਫੀ ਪਰਿਵਾਰ ਵਿਦੇਸ਼ਾਂ ਵਿਚ ਵੀ ਜਾ ਵਸੇ ਹਨ । ਨਤੀਜੇ ਵਜੋਂ ਬਹੁਤ ਸਾਰੀਆਂ ਜੋਤਾਂ ਠੇਕੇ ਤੇ ਦਿੱਤੀਆਂ ਜਾਣ ਲੱਗੀਆਂ ਹਨ । ਬਹੁਤ ਸਾਰੇ ਛੋਟੇ/ਸੀਮਾਂਤ ਕਿਸਾਨ ਜਾਂ ਬੇ-ਜ਼ਮੀਨੇ ਕਾਸ਼ਤਕਾਰ ਵੱਡੀਆਂ ਜੋਤਾਂ ਜਾਂ ਵਧੇਰੇ ਛੋਟੀਆਂ/ਦਰਮਿਆਨੀਆਂ ਜੋਤਾਂ ਠੇਕੇ ਤੇ ਲੈ ਕੇ ਫਾਇਦਾ ਲੈਣ ਵੱਲ ਪ੍ਰੇਰਿਤ ਹਨ । ਅਜਿਹੇ ਕਰਨ ਵੇਲੇ ਉਹ ਆਪਸੀ ਖਹਿਬਾਜ਼ੀ ਵਿਚ ਮਹਿੰਗੇ ਠੇਕੇ ਤੇ ਜ਼ਮੀਨ ਲੈਂਦੇ ਹਨ । ਇਸ ਮੁਕਾਬਲੇ ਵਿਚ ਕਿਸੇ ਦਾ ਕੋਈ ਫਾਇਦਾ ਨਹੀਂ ਹੁੰਦਾ ਅਤੇ ਝੋਨੇ ਅਧਾਰਿਤ ਫਸਲੀ ਚੱਕਰਾਂ ਕਾਰਨ ਅਤੇ ਠੇਕਾ ਲੰਬੇ ਸਮੇਂ ਤੱਕ ਯਕੀਨੀ ਨਾ ਹੋਣ ਕਾਰਨ ਕੁਦਰਤੀ ਸਰੋਤਾਂ ਦਾ ਸ਼ੋਸ਼ਣ ਹੁੰਦਾ ਹੈ । ਭਾਵੇਂ ਕਿ ਅਜਿਹੇ ਕਿਸਾਨ ਘੱਟੋ-ਘੱਟ ਸਮਰਥਨ ਮੁੱਲ ਤੇ ਹੋਣ ਵਾਲੇ ਯਕੀਨੀ ਮੰਡੀਕਰਨ ਦੇ ਅਧਾਰ ਤੇ ਇਹ ਜੋਖਮ ਲੈਂਦੇ ਹਨ ਪਰੰਤੂ ਮੌਸਮੀ ਖਲਬਲੀਆਂ ਜਿਵੇਂ ਹੜ੍ਹ, ਤਪਸ਼, ਗੜ੍ਹੇਮਾਰੀ ਆਦਿ ਦੇ ਸਾਹਮਣੇ ਕਈ ਵਾਰ ਲਾਚਾਰ ਹੋਣਾ ਪੈਂਦਾ ਹੈ ।



ਜਦੋਂ ਬੈਂਕਾਂ ਜਾਂ ਸੁਸਾਇਟੀਆਂ ਤੋਂ ਲਿਆ ਕਰਜ਼ਾ ਉਪਜਾਊ ਸਾਧਨ ਪ੍ਰਫੁੱਲਤ ਕਰਨ ਲਈ ਨਾ ਵਰਤ ਕੇ ਪਰਿਵਾਰਿਕ ਕੰਮਾਂ ਵਿਆਹ, ਸ਼ਾਦੀ, ਵਿਦੇਸ਼ੀ ਪੜ੍ਹਾਈ ਅਤੇ ਕੋਠੀਆਂ ਉਸਾਰਨ ਲਈ ਵਰਤਿਆ ਜਾਂਦਾ ਹੈ ਤਾਂ ਇਕ ਸਧਾਰਣ ਕਿਸਾਨ ਸਾਹੂਕਾਰਾਂ ਦੇ ਧੱਕੇ ਚੜ੍ਹ ਜਾਂਦਾ ਹੈ । ਸਾਧਾਰਣ ਖੇਤੀ ਵਿਚ ਹੋਣ ਵਾਲੇ ਆਰਥਿਕ ਨੁਕਸਾਨਾਂ ਦੀ ਪੂਰਤੀ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਨਿਭਾਉਣ ਲਈ ਆਮਦਨ ਦੇ ਨਵੇਂ ਵਸੀਲਿਆਂ ਨੂੰ ਲੱਭਣ ਦੀ ਸਖਤ ਲੋੜ ਹੈ । ਆਮਦਨ ਦੇ ਵਧੇਰੇ ਸਰੋਤ ਕੇਵਲ ਇਕ ਉੱਦਮ ਵਿਚ ਪਏ ਘਾਟੇ ਨੂੰ ਆਪਣੇ ਮੁਨਾਫੇ ਨਾਲ ਪੂਰਾ ਕਰਨ ਵਿਚ ਹੀ ਸਹਾਈ ਨਹੀਂ ਹੁੰਦੇ ਬਲਕਿ ਕਈ ਵਾਰ ਇਕ ਦੂਜੇ ਦਾ ਪੂਰਕ ਹੋ ਕੇ ਮੁਨਾਫਾ ਵਧਾਉਣ ਵਿਚ ਮਦਦਗਾਰ ਸਾਬਤ ਹੁੰਦੇ ਹਨ । ਮੌਸਮ ਅਤੇ ਮੰਡੀ ਨਾਲ ਜੁੜੀ ਅਸਥਿਰਤਾ ਕਾਰਨ ਅਜਿਹੇ ਵਸੀਲੇ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਵਿੱਤੀ ਸੁਰੱਖਿਅਤਾ ਵਿਚ ਮੁੱਖ ਭੂਮਿਕਾ ਨਿਭਾਉਂਦੇ ਹਨ ।

ਡੇਅਰੀ ਫਾਰਮਿੰਗ, ਸ਼ਹਿਦ ਮੱਖੀ ਪਾਲਣ ਅਤੇ ਖੁੰਬਾਂ ਦੀ ਕਾਸ਼ਤ ਵਰਗੇ ਸਹਾਇਕ ਧੰਦੇ ਸਿੱਧੇ/ਅਸਿੱਧੇ ਤੌਰ ਤੇ ਰਵਾਇਤੀ ਫਸਲ ਅਧਾਰਿਤ ਖੇਤੀ ਵਿਚ ਸੰਗਠਿਤ ਕੀਤੇ ਜਾ ਸਕਦੇ ਹਨ । ਅਜਿਹਾ ਏਕੀਕਰਨ ਵਾਤਾਵਰਣ ਸੁਰੱਖਿਆ ਵਿਚ ਵੀ ਸਹਾਈ ਹੁੰਦਾ ਹੈ, ਅਤੇ ਪਰਿਵਾਰ ਦੀਆਂ ਰੋਜ਼ਮੱਰਾ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਯੋਗਦਾਨ ਪਾਉਂਦਾ ਹੈ । ਸ਼ਹਿਦ ਦੀਆਂ ਮੱਖੀਆਂ ਪਰਾਗਣ ਨੂੰ ਵੀ ਹੁਲਾਰਾ ਦਿੰਦੀਆਂ ਹਨ । ਸਹਾਇਕ ਧੰਦੇ ਪਰਿਵਾਰ ਦੇ ਮੈਂਬਰਾਂ ਨੂੰ ਕੰਮ ਲਾਉਣ ਵਿਚ ਵੀ ਸਹਾਈ ਹੁੰਦੇ ਹਨ । ਖਾਸਕਰ ਇਸਤਰੀਆਂ ਰੋਜ਼ਾਨਾ ਘਰੇਲੂ ਕੰਮਾਂ ਕਾਰਾਂ ਦੀ ਨੀਰਸਤਾ ਤੋਂ ਹਟ ਕੇ ਆਪਣੀ ਉਦਮੀ ਪ੍ਰਵਿਰਤੀ ਦਾ ਵਿਕਾਸ ਕਰ ਸਕਦੀਆਂ ਹਨ ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਸੱਠਵਿਆਂ ਦੇ ਦਹਾਕੇ ਵਿਚ ਯੂਰਪੀ ਸ਼ਹਿਦ ਮੱਖੀ ਨੂੰ ਦੇਸ਼ ਵਿਚ ਲਿਆਂਦਾ ਅਤੇ ਉਪਰੰਤ 1976 ਵਿਚ ਵੱਡੇ ਪੱਧਰ ਤੇ ਪੰਜਾਬ ਦੇ ਕਿਸਾਨਾਂ ਨੂੰ ਮੱਖੀਆਂ ਦੇ ਡੱਬੇ ਦੇ ਕੇ ਮਿੱਠੇ ਇਨਕਲਾਬ ਦੀ ਨੀਂਹ ਰੱਖੀ । ਅੰਦਾਜ਼ਨ 17,000 ਟਨ ਸ਼ਹਿਦ ਪੈਦਾ ਕਰਕੇ ਪੰਜਾਬ ਦੇਸ਼ ਤੇ ਤਿੰਨ ਸਰਵਉੱਚ ਰਾਜਾਂ ਵਿੱਚੋਂ ਇਕ ਹੈ । ਇਸ ਕਿੱਤੇ ਦਾ ਇਕੱਲਾ ਉਤਪਾਦ ਸ਼ਹਿਦ ਨਹੀਂ ਹੈ ਬਲਕਿ ਰਾਇਲ ਜੈਲੀ, ਮੋਮ ਆਦਿ ਹੋਰ ਪਦਾਰਥ ਵੀ ਵੇਚੇ ਜਾਂਦੇ ਹਨ । ਯੂਨੀਵਰਸਿਟੀ ਨੇ ਸ਼ਹਿਦ ਅਧਾਰਿਤ ਤਰ੍ਹਾਂ ਤਰ੍ਹਾਂ ਦੀਆਂ ਭੋਜਨ ਤਕਨੀਕਾਂ ਵਿਕਸਿਤ ਕੀਤੀਆਂ ਹਨ । ਸ਼ਹਿਦ ਗਰਮ ਕਰਨ ਅਤੇ ਪੁਣਨ ਵਾਲੀ ਮਸ਼ੀਨ ਸਾਧਾਰਣ ਮਲਮਲ ਦੇ ਕੱਪੜੇ ਮੁਕਾਬਲੇ ਬਹੁਤ ਸਮਰੱਥ ਹੈ । ਸ਼ਹਿਦ ਮੱਖੀ ਪਾਲਣ ਦਾ ਧੰਦਾ ਸ਼ੁਰੂ ਕਰਨ ਲਈ ਹੁਣ ਸਹੀ ਸਮਾਂ ਚੱਲ ਰਿਹਾ ਹੈ ਕਿਉਂਕਿ ਲੋੜੀਂਦੀ ਫੁੱਲਾਂ ਅਤੇ ਰਸਭਰਪੂਰ ਵਨਸਪਤੀ ਮੌਜੂਦ ਹੈ ਅਤੇ ਮੌਸਮ ਵੀ ਅਨੁਕੂਲ ਹੈ ।

ਖੁੰਬਾਂ ਦੀ ਕਾਸ਼ਤ ਵਿਚ ਵੀ ਪੰਜਾਬ 18500 ਟਨ ਪੈਦਾਵਾਰ ਨਾਲ ਦੇਸ਼ ਦੇ ਪੰਜ ਮੋਹਰੀ ਰਾਜਾਂ ਵਿਚ ਸ਼ਾਮਲ ਹੈ । ਪੰਜਾਬ ਐਗਰੀਕਲਚਲਰਲ ਯੂਨੀਵਰਸਿਟੀ ਪੰਜ ਕਿਸਮਾਂ ਦੀਆਂ ਖੁੰਬਾਂ-ਵਾਈਟ ਬਟਨ, ਢੀਂਗਰੀ, ਸ਼ਿਟਾਕੀ, ਮਿਲਕੀ ਅਤੇ ਪਰਾਲੀ ਵਾਲੀਆਂ ਦੀ ਕਾਸ਼ਤ ਤਕਨਾਲੋਜੀ ਵਿਕਸਤ ਕਰ ਚੁੱਕੀ ਹੈ । ਇਹ ਧੰਦਾ ਵੀ ਝੋਨੇ ਦੀ ਪਰਾਲੀ ਨੂੰ ਸਹੀ ਤਰੀਕੇ ਨਾਲ ਸੰਭਾਲਣ ਵਿਚ, ਚਾਹੇ ਛੋਟੇ ਪੱਧਰ ਤੇ ਕਿਉਂ ਨਾ ਹੋਵੇ, ਮਦਦਗਾਰ ਹੁੰਦਾ ਹੈ । ਯੂਨੀਵਰਸਿਟੀ ਵਲੋਂ ਖੁੰਬਾਂ ਲਈ ਕੰਪੋਸਟ ਬਣਾਉਣ ਲਈ ਪਰਾਲੀ ਤੇ ਤੂੜੀ ਦੀ ਵਰਤੋਂ ਕੀਤੀ ਜਾਂਦੀ ਹੈ । ਖੁੰਬਾਂ ਦੀ ਪ੍ਰੋਸੈਸਿੰਗ ਵਾਸਤੇ ਯੂਨੀਵਰਸਿਟੀ ਨੇ ਖੁੰਬਾਂ ਨੂੰ ਡੱਬਾ-ਬੰਦ ਕਰਨ ਅਤੇ ਵਿਟਾਮਿਨ ਡੀ-2 ਯੁਕਤ ਕਰਨ ਦੀਆਂ ਤਕਨੀਕਾਂ ਵਿਕਸਿਤ ਕੀਤੀਆਂ ਹਨ ।

ਮੌਜੂਦਾ ਜਨਤਕ ਸੋਚ ਜੈਵਿਕ ਉਤਪਾਦ ਪੱਖੀ ਹੁੰਦੀ ਜਾ ਰਹੀ ਹੈ ਕਿਉਂਕਿ ਇਹਨਾਂ ਉਤਪਾਦਾਂ ਨੂੰ ਸੁਰੱਖਿਅਤ ਅਤੇ ਸਿਹਤ ਵਧਾਊ ਮੰਨਿਆ ਜਾਂਦਾ ਹੈ । ਇਸ ਸੋਚ ਨੇ ਜੈਵਿਕ ਉਤਪਾਦਾਂ ਲਈ ਇਕ ਉੱਚ ਮੁਨਾਫੇ ਵਾਲੀ ਮੰਡੀ ਬਣਾਉਣ ਵਿਚ ਵੱਡਾ ਯੋਗਦਾਨ ਪਾਇਆ ਹੈ । ਜੈਵਿਕ ਖੇਤੀ ਦੇ ਧੰਦੇ ਨੂੰ ਕਾਮਯਾਬ ਬਣਾਈ ਰੱਖਣ ਲਈ ਬਹੁਤ ਸਾਰੇ ਗੁਣਵੱਤਾ ਮਾਪਦੰਡਾਂ ਦਾ ਪਾਲਣ ਕਰਨਾ ਪੈਂਦਾ ਹੈ । ਜੈਵਿਕ ਖੇਤੀ ਦੇ ਚਾਹਵਾਨ ਕਿਸਾਨਾਂ ਨੂੰ ਇਹਨਾਂ ਸਬੰਧੀ ਮੁਕੰਮਲ ਜਾਣਕਾਰੀ ਲਈ ਅਤੇ ਹੋਰ ਲੋੜੀਂਦੀ ਸਹਾਇਤਾ ਲਈ ਯੂਨੀਵਰਸਿਟੀ ਦੇ ਸਕੂਲ ਆਫ ਆਰਗੈਨਿਕ ਫਾਰਮਿੰਗ ਨਾਲ ਰਾਬਤਾ ਕਾਇਮ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ ।

ਖੇਤੀਬਾੜੀ ਦੇ ਕਿੱਤੇ ਨੂੰ ਇਕ ਵਪਾਰ ਦੀ ਤਰ੍ਹਾਂ ਚਲਾਉਣ ਲਈ ਕਿਸੇ ਵੀ ਕਿਸਾਨ ਨੂੰ ਫਸਲਾਂ ਦੇ ਮੁੱਢਲੇ ਝਾੜ ਤੋਂ ਲੈ ਕੇ ਅਖੀਰ ਗਾਹਕ ਤੱਕ ਦੀ ਲੜੀ ਤੇ ਵੱਧ ਤੋਂ ਵੱਧ ਕਬਜ਼ਾ ਕਰਨਾ ਪਵੇਗਾ ਭਾਵ ਕਿ ਕਟਾਈ ਉਪਰੰਤ ਪ੍ਰੋਸੈਸਿੰਗ ਦਾ ਕੰਮ ਵੀ ਸਿੱਖਣਾ ਪਵੇਗਾ । ਇਸ ਤਰ੍ਹਾਂ ਦੀ ਵਿਉਂਤ ਨਾਲ ਵਿਚੋਲੇ ਵਪਾਰੀਆਂ ਦਾ ਮੁਨਾਫਾ ਘੱਟ ਤੋਂ ਘੱਟ ਕੀਤਾ ਜਾ ਸਕਦਾ ਹੈ । ਵਿਚੋਲਗਿਰੀ ਕਰਦੇ ਵਪਾਰੀਆਂ ਦਾ ਮੁਨਾਫਾ ਗਾਹਕ ਵਲੋਂ ਦਿੱਤੀ ਜਾਣ ਵਾਲੀ ਕੀਮਤ ਘਟਾਉਣ ਦੇ ਨਾਲ ਨਾਲ ਕਿਸਾਨ ਦਾ ਆਰਥਿਕ ਲਾਭ ਵੀ ਵਧਾਵੇਗਾ । ਪੰਜਾਬ ਦੇ ਅਨੇਕਾਂ ਅਗਾਂਹ ਵਧੂ ਕਿਸਾਨ ਜੋ ਇਸ ਸੋਚ ਦੇ ਧਾਰਨੀ ਹਨ ਵਧੀਆ ਕਮਾਈ ਕਰ ਰਹੇ ਹਨ । ਇਸ ਸੰਦਰਭ ਵਿਚ ਐਗਰੋ ਪ੍ਰੋਸੈਸਿੰਗ ਕੰਪਲੈਕਸ ਵੀ ਇਕ ਵਧੀਆ ਮਿਸਾਲ ਹੈ । ਯੂਨੀਵਰਸਿਟੀ ਹੁਣ ਤਕ ਰਾਜ ਵਿਚ 320 ਤੋਂ ਵਧੇਰੇ ਕਿਸਾਨਾਂ ਦੀ ਅਜਿਹੇ ਕੰਪਲੈਕਸ ਬਣਾਉਣ ਵਿਚ ਤਕਨੀਕੀ ਸਹਾਇਤਾ ਕਰ ਚੁੱਕੀ ਹੈ । ਅਜਿਹੇ ਕਿੱਤੇ ਕੇਵਲ ਵਿੱਤੀ ਲਾਭ ਹੀ ਪ੍ਰਦਾਨ ਨਹੀਂ ਕਰਦੇ ਬਲਕਿ ਫਸਲੀ ਵਿਭਿੰਨਤਾ ਨੂੰ ਹੁਲਾਰਾ ਦੇ ਕੇ ਕੁਦਰਤੀ ਸਾਧਨਾਂ ਦੀ ਸੁਯੋਗ ਵਰਤੋਂ ਵਧਾਉਣ ਵਿਚ ਵੀ ਸਹਾਈ ਹੁੰਦੇ ਹਨ । ਇਹ ਕੰਪਲੈਕਸ ਗਾਹਕਾਂ ਦੇ ਨਜ਼ਦੀਕ ਹੋਣ ਨਾਲ ਉਤਪਾਦਾਂ ਦੀ ਗੁਣਵੱਤਾ ਵਿਚ ਭਰੋਸਾ ਬਣਿਆ ਰਹਿੰਦਾ ਹੈ ਜੋ ਕਿ ਮੰਡੀਕਰਨ ਨੂੰ ਪਏਦਾਰ ਬਣਾਈ ਰੱਖਦਾ ਹੈ । ਪਿਛਲੇ ਕਈ ਸਾਲਾਂ ਤੋਂ ਸਾਡੇ ਬਹੁਤ ਸਾਰੇ ਕਿਸਾਨ ਉੱਦਮੀਆਂ ਨੇ ਰਾਜ ਦੇ ਵੱਖ-ਵੱਖ ਭਾਗਾਂ ਵਿਚ ਪ੍ਰੋਸੈਸਿੰਗ ਦੇ ਖਿੱਤੇ ਸਥਾਪਤ ਕਰ ਦਿੱਤੇ ਹਨ । ਅੰਮ੍ਰਿਤਸਰ ਦਾ ਇਲਾਕਾ ਅਚਾਰ ਮੁਰੱਬਿਆਂ ਲਈ , ਬਠਿੰਡਾ ਇਲਾਕਾ ਸ਼ਹਿਦ ਲਈ, ਫਤਹਿਗੜ੍ਹ ਸਾਹਿਬ ਦਾ ਇਲਾਕਾ ਗੁੜ ਲਈ ਅਤੇ ਹੁਣ ਫਿਰੋਜ਼ਪੁਰ ਮਿਰਚ ਅਧਾਰਿਤ ਉਤਪਾਦਾਂ ਲਈ ਮਸ਼ਹੂਰ ਹੁੰਦਾ ਜਾ ਰਿਹਾ ਹੈ ।



ਸਟਾਰਟਅਪ ਦੀ ਲਹਿਰ ਸਮੁੱਚੇ ਸੰਸਾਰ ਵਿਚ ਫੈਲ ਰਹੀ ਹੈ । ਭਾਰਤ ਸਰਕਾਰ ਦੇ ਉਦਯੋਗ ਸੰਮਵਰਧਨ ਅਤੇ ਅੰਦਰੂਨੀ ਵਪਾਰ ਮੰਤਰਾਲੇ ਵਲੋਂ ਇਸ ਸੰਬੰਧੀ ਕੀਤੇ ਨਿਰੰਤਰ ਯਤਨਾਂ ਕਾਰਨ ਦੇਸ਼ ਵਿਚ ਸਟਾਰਟਅਪ ਦਾ ਦੌਰ ਗਰਮਾ ਰਿਹਾ ਹੈ । ਖੇਤੀ ਅਧਾਰਿਤ ਇਹ ਸਟਾਰਟਅਪ ਪੰਜਾਬ ਵਲ ਖਿੱਚੇ ਜਾ ਰਹੇ ਹਨ । ਸਾਡੀ ਪੜ੍ਹੀ ਲਿਖੀ ਕਿਸਾਨ ਯੁਵਾ ਪੀੜ੍ਹੀ ਨੂੰ ਇਸ ਵਪਾਰਕ ਮਾਡਲ ਵਿਚ ਹੱਥ ਅਜ਼ਮਾਉਣਾ ਚਾਹੀਦਾ ਹੈ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਪਹਿਲਾਂ ਹੀ ਇਸ ਕੰਮ ਵਿਚ ਲੋੜੀਂਦੀ ਸਹਾਇਤਾ ਪ੍ਰਦਾਨ ਕਰਦੀ ਆ ਰਹੀ ਹੈ । ਯੂਨੀਵਰਸਿਟੀ ਦੀ ਖੋਜ ਵੀ ਨਵੇਂ ਸਟਾਰਟਅਪ ਵਿਚਾਰ ਉਸਾਰਨ ਵਿਚ ਸਹਾਈ ਹੋ ਸਕਦੀ ਹੈ ।

ਪਿਛਲੀ ਸਾਉਣੀ ਦੌਰਾਨ ਸਾਨੂੰ ਬਹੁਤ ਸਾਰੀਆਂ ਮੌਸਮੀ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ । ਭਾਰੀ ਅਤੇ ਬੇਕਾਬੂ ਹੋਏ ਹੜ੍ਹਾਂ ਨੇ ਸਾਡੀਆਂ ਫਸਲਾਂ ਦਾ ਕਾਫੀ ਨੁਕਸਾਨ ਕੀਤਾ । ਸਾਡੇ ਖੇਤਾਂ ਵਿਚ ਝੋਨਾ ਮੁੱਢਲੇ ਦੌਰ ਵਿਚ ਸੀ । ਦੁਬਾਰਾ ਲੁਆਈ ਲਈ ਖੇਤਾਂ ਵਿਚੋਂ ਪਾਣੀ ਦਾ ਨਿਕਾਸ ਤੇਜ਼ੀ ਨਾਲ ਨਹੀਂ ਹੋ ਰਿਹਾ ਸੀ । ਪਿਛੇਤ ਦੀ ਚੁਣੌਤੀ ਨਾਲ ਨਜਿੱਠਣ ਲਈ ਰਾਜ ਦੀ ਸੰਕਟਕਾਲੀਨ ਨੀਤੀ ਨੂੰ ਸਾਹ ਪ੍ਰਦਾਨ ਕਰਨ ਵਿਚ ਪੀ.ਆਰ-126 ਨੇ ਮੁੱਖ ਭੂਮਿਕਾ ਨਿਭਾਈ । ਯੂਨੀਵਰਸਿਟੀ ਨੇ ਕਿਸਾਨਾਂ ਲਈ ਪਨੀਰੀ ਵੀ ਪੈਦਾ ਕਰਕੇ ਦਿੱਤੀ । ਕਈ ਦਿਆਲੂ ਕਿਸਾਨ ਵੀਰ ਵੀ ਇਸ ਪੁੰਨ ਦੇ ਕੰਮ ਵਿਚ ਭਾਗੀਦਾਰ ਬਣੇ । ਇਸ ਤੋਂ ਪਹਿਲਾਂ ਬਹੁਤ ਸਾਰੇ ਕਿਸਾਨ ਵੀਰਾਂ ਨੇ ਹੜ੍ਹਾਂ ਦਾ ਮੂੰਹ ਮੋੜਨ ਲਈ ਰਾਜ ਸਰਕਾਰ ਦੀ ਕਈ ਢੰਗਾਂ ਨਾਲ ਸਹਾਇਤਾ ਕੀਤੀ । ਇਸ ਸਾਰੇ ਸਹਿਚਾਰ ਦੇ ਨਤੀਜੇ ਵਜੋਂ ਰਾਜ ਵਿਚ 185.4 ਲੱਖ ਟਨ ਝੋਨੇ ਦੀ ਖਰੀਦ ਕੀਤੀ ਗਈ । ਜਦੋਂ ਕਿ ਉਸ ਤੋਂ ਪਿਛਲੇ ਸਾਲ 182.1 ਲੱਖ ਟਨ ਝੋਨਾ ਖਰੀਦਿਆ ਗਿਆ ਸੀ । ਪੀ. ਆਰ.-126 ਨੇ ਕੇਵਲ ਡੰਗ ਟਪਾਉਣ ਲਈ ਹੀ ਸਾਥ ਨਹੀਂ ਦਿੱਤਾ ਬਲਕਿ ਇਸਨੇ ਲੰਬੇ ਸਮੇਂ ਵਿਚ ਪੱਕਣ ਕਾਰਨ ਵਧ ਪਾਣੀ ਲੈਣ ਵਾਲੀਆਂ ਕਿਸਮਾਂ ਨੂੰ ਝਾੜ ਪੱਖੋਂ ਮਜ਼ਬੂਤ ਟੱਕਰ ਦਿੱਤੀ ਅਤੇ ਬਹੁਤ ਸਾਰੇ ਕਿਸਾਨਾਂ ਦੇ ਦਿਲਾਂ ਵਿਚ ਆਪਣੀ ਜਗ੍ਹਾ ਬਣਾਈ । ਇਹ ਸਾਰੇ ਰੁਝਾਨ ਪੀ. ਏ. ਯੂ. ਵਲੋਂ ਵਿਕਸਿਤ ਤਕਨੀਕਾਂ ਦੇ ਅਸਰਦਾਰ ਹੋਣ ਦੀ ਪ੍ਰੋੜਤਾ ਕਰਦੇ ਹਨ । ਸਾਡੀ ਕਿਸਾਨ ਵੀਰਾਂ ਨੂੰ ਇਹ ਬੇਨਤੀ ਹੈ ਕਿ ਕੁਦਰਤੀ ਸੋਮਿਆਂ ਦੀ ਸੰਭਾਲ ਦੀ ਰੌਸ਼ਨੀ ਵਿਚ ਅਜਿਹੇ ਉਸਾਰੂ ਰੁਝਾਨਾਂ ਨੂੰ ਜਾਰੀ ਰੱਖਿਆ ਜਾਵੇ । ਝੋਨੇ ਤੋਂ ਇਲਾਵਾ, ਸਾਨੂੰ ਗਰਮੀ/ਬਹਾਰ ਰੁੱਤੇ ਸਾਈਲੇਜ ਦੇ ਮੰਤਵ ਨਾਲ ਉਗਾਈ ਜਾਣ ਵਾਲੀ ਮੱਕੀ ਤੋਂ ਵੀ ਗੁਰੇਜ਼ ਕਰਨਾ ਚਾਹੀਦਾ ਹੈ ਜਾਂ ਫਿਰ ਇਸਨੂੰ ਸੂਖਮ ਸਿੰਚਾਈ ਤਰੀਕਿਆਂ ਨਾਲ ਪਾਲਣਾ ਚਾਹੀਦਾ ਹੈ ।

ਸਰਕਾਰ ਵਲੋਂ ਵਿੱਤੀ ਉਤਸ਼ਾਹ ਦੇ ਬਾਵਜੂਦ ਵੀ ਝੋਨੇ ਦੀ ਸਿੱਧੀ ਬਿਜਾਈ ਜ਼ਿਆਦਾ ਜ਼ੋਰ ਨਹੀਂ ਫੜ ਸਕੀ । ਲੇਕਿਨ ਫਾਜ਼ਿਲਕਾ ਅਤੇ ਸ਼੍ਰੀ ਮੁਕਤਸਰ ਸਾਹਿਬ ਦੇ ਖੇਤਰਾਂ ਵਿਚ ਇਸ ਨੂੰ ਵੱਡੇ ਪੱਧਰ ਤੇ ਅਪਣਾਇਆ ਗਿਆ । ਆਸ ਹੈ ਕਿ ਇਹ ਇਲਾਕੇ ਹੋਰਾਂ ਲਈ ਮਾਰਗ ਦਰਸ਼ਕ ਬਣਨਗੇ । ਬਾਸਮਤੀ ਕਾਸ਼ਤਕਾਰਾਂ ਨੂੰ ਆਮ ਕਰਕੇ ਵਧੀਆ ਭਾਅ ਮਿਲੇ ਪਰ ਬਾਸਮਤੀ ਦੇ ਰਕਬੇ ਦੀ ਵਿਉਂਤਬੰਦੀ ਕਰਨ ਤੋਂ ਪਹਿਲਾਂ ਇਸਦੀ ਮੰਡੀ ਅਤੇ ਰਕਬੇ ਦਰਮਿਆਨ ਸੰਤੁਲਨ ਦੀ ਨਜ਼ਾਕਤ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ।

ਸਤੰਬਰ 2023 ਵਿਚ ਲਗਾਏ ਕਿਸਾਨ ਮੇਲਿਆਂ ਤੋਂ ਬਾਅਦ ਯੂਨੀਵਰਸਿਟੀ ਨੇ ਜੋ ਆਪਣੇ ਫਸਲ ਸੁਧਾਰ ਅਤੇ ਉਤਪਾਦਨ ਸੁਰੱਖਿਆ ਤਕਨੀਕਾਂ ਦੇ ਅਧਾਰ ਦਾ ਪਸਾਰਾ ਕੀਤਾ ਹੈ, ਉਸ ਤੇ ਰੌਸ਼ਨੀ ਪਾਉਣੀ ਵੀ ਜ਼ਰੂਰੀ ਹੈ ਖਰ੍ਹਵੇਂ ਅਨਾਜਾਂ ਵਿਚ ਪੰਜਾਬ ਚੀਨਾ-1, ਬਾਜਰੇ ਦੀ ਦਾਣਿਆਂ ਲਈ ਕਿਸਮ ਜੀ.ਬੀ.ਐੱਚ. 5, ਤਰਬੂਜ਼ਾਂ ਦੀ ਪੰਜਾਬ ਮਿਠਾਸ, ਅਤੇ ਖਰਬੂਜੇ ਦੀ ਅੰਮ੍ਰਿਤ ਪ੍ਰਮੁੱਖ ਕਿਸਮਾਂ ਵਿਚ ਸ਼ਾਮਲ ਹਨ । ਪ੍ਰਮੁੱਖ ਉਤਪਾਦਨ ਤਕਨੀਕਾਂ ਵਿਚ ਬਹੁਤੀਆਂ ਕਟਾਈਆਂ ਵਾਲੀ ਚਰੀ-ਬਰਸੀਮ ਅਤੇ ਮੱਕੀ (ਪਕਾਵੀਂ/ਚਾਰਾ)-ਆਲੂ-ਪਿਆਜ਼; ਬਾਸਮਤੀ-ਪਿਛੇਤੀ ਕਣਕ-ਰਵਾਂਹ; ਸੱਠੀ ਮੂੰਗੀ-ਸਿੱਧਾ ਬੀਜਿਆ ਝੋਨਾ-ਕਣਕ ਵਾਲੇ ਫਸਲੀ ਚੱਕਰ, ਜੁੜਵੀਆਂ ਕਤਾਰਾਂ ਵਿਚ ਟੋਆ ਵਿਧੀ ਨਾਲ ਬੀਜੇ ਕਮਾਦ ਵਿਚ ਖੀਰੇ ਦੀ ਅੰਤਰ ਫਸਲ, ਸੱਠੀ ਮੂੰਗੀ ਵਿਚ ਸਿਆੜਾਂ ਦੀ ਵਿੱਥ, ਅਦਰਕ ਦੀ ਖੇਤੀ ਲਈ ਤਕਨੀਕਾਂ, ਟਿੰਡੇ ਵਿਚ ਪਲਾਸਟਿਕ ਸ਼ੀਟ ਵਾਲੀ ਮਲਚ, ਚੀਕੂ ਵਿਚ ਪਿਊਂਦੀਕਰਣ ਅਤੇ ਛੱਪੜਾਂ ਦੇ ਪਾਣੀ ਦੀ ਸਿੰਚਾਈ ਲਈ ਯੋਗਤਾ ਪਰਖਣ ਸਬੰਧੀ ਤਕਨੀਕਾਂ ਸ਼ਾਮਿਲ ਹਨ । ਪ੍ਰਮੁੱਖ ਪੌਦ ਸੁਰੱਖਿਆ ਤਕਨੀਕਾਂ ਵਿਚ ਨਰਮੇ ਵਿਚ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਗੰਧ ਅਧਾਰਿਤ ਮੇਟਿੰਗ ਡਿਸਰਪਸ਼ਨ ਤਕਨਾਲੋਜੀ, ਮੱਕੀ ਵਿਚ ਫਾਲ ਆਰਮੀਵਾਰਮ ਦਾ ਬੀ.ਟੀ. ਆਧਾਰਿਤ ਜੈਵਿਕ ਕੀਟਨਾਸ਼ਕ ਨਾਲ ਪ੍ਰਬੰਧਨ, ਬਾਸਮਤੀ ਵਿਚ ਟੀਡਿਆਂ ਦਾ ਨਿੰਮ ਅਧਾਰਿਤ ਕੰਟਰੋਲ, ਅਮਰੂਦਾਂ ਦੀ ਫਲ ਛੇਦਕ ਸੁੰਡੀ ਦਾ ਵਾਤਾਵਰਨ ਪੱਖੀ ਤਰੀਕਿਆਂ ਨਾਲ ਕੰਟਰੋਲ ਅਤੇ ਪੀ. ਏ. ਯੂ. ਵੱਲੋਂ ਭੰਡਾਰਨ ਅਨਾਜ ਨੂੰ ਬਚਾਉਣ ਲਈ ਵਿਕਸਿਤ ਕਿੱਟ ਸ਼ਾਮਿਲ ਹਨ । ਯੂਨੀਵਰਸਿਟੀ ਨੇ ਮਿੱਟੀ ਨਾਲ ਚੱਲਣ ਵਾਲਾ ਝੋਨੇ ਦੀ ਪਨੀਰੀ ਲਾਉਣ ਲਈ ਟਰਾਂਸਪਲਾਂਟਰ ਤਿਆਰ ਕੀਤਾ ਹੈ । ਕੁਝ ਮਹੱਤਵਪੂਰਨ ਪ੍ਰੋਸੈਸਿੰਗ ਤਕਨੀਕਾਂ ਇਸ ਪ੍ਰਕਾਰ ਹਨ : ਡੋਅ ਦੇ ਖਮੀਰੀਕਰਨ ਲਈ ਬੇਕਰ ਯੀਸਟ, ਪੀਣ ਵਾਲੇ ਅਤੇ ਹੋਰ ਪਦਾਰਥਾਂ ਲਈ ਉਚੇਰੀ ਪ੍ਰੋਟੀਨ ਮਾਤਰਾ ਵਾਲਾ ਸੋਇਆ ਪਾਊਡਰ ਅਤੇ ਅੰਜੀਰ ਅਤੇ ਜਾਮਣ ਅਧਾਰਿਤ ਵਿਭਿੰਨ ਉਤਪਾਦ ।

ਪਿਆਰੇ ਕਿਸਾਨ ਵੀਰੋ ਅਤੇ ਭੈਣੋਂ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਲਗਾਏ ਜਾਂਦੇ ਕਿਸਾਨ ਮੇਲੇ ਵਿਗਿਆਨੀਆਂ ਅਤੇ ਕਿਸਾਨਾਂ ਨੂੰ ਵੱਡੀ ਪੱਧਰ ਤੇ ਆਹਮੋ ਸਾਹਮਣੇ ਕਰਨ ਕਾਰਨ ਸੰਸਾਰ ਭਰ ਵਿਚ ਪ੍ਰਸਿੱਧ ਹਨ । ਜੇ ਅਸੀਂ ਆਪ ਸਭ ਵਲੋਂ ਸਾਡੇ ਖੋਜ ਕਾਰਜਾਂ ਦੀ ਦਿੱਤੀ ਜਾਣ ਵਾਲੀ ਸੇਧ ਲਈ ਆਪ ਦਾ ਸ਼ੁਕਰੀਆ ਨਹੀਂ ਅਦਾ ਕਰਦੇ ਤਾਂ ਅਸੀਂ ਅਕ੍ਰਿਤਘਣ ਹੋਵਾਂਗੇ, ਤੁਹਾਡਾ ਸਾਥ ਸਾਡੇ ਲਈ ਬੇਹੱਦ ਜ਼ਰੂਰੀ ਹੈ । ਸਾਡੀ ਬੇਨਤੀ ਹੈ ਕਿ ਵਿਚਾਰਾਂ ਦੇ ਇਸ ਦੁਵੱਲੇ ਆਦਾਨ ਪ੍ਰਦਾਨ ਵਿਚ ਹਮੇਸ਼ਾਂ ਸ਼ਾਮਲ ਰਹਿ ਕੇ ਆਪਾਂ ਇਸ ਸਾਂਝ ਨੂੰ ਦਿਨ ਬ ਦਿਨ ਪਕੇਰੇ ਕਰਦੇ ਜਾਈਏ ।


**ਅਜੋਕੇ ਸਮੇਂ ਵਿਚ ਸੂਚਨਾ ਅਤੇ ਪਸਾਰ ਤਕਨੀਕਾਂ ਵਿਚ ਆਈ ਕ੍ਰਾਂਤੀ ਦਾ ਲਾਹਾ ਹਰ ਖੇਤਰ ਵਿਚ ਬਾਖੂਬੀ ਲਿਆ ਜਾ ਰਿਹਾ ਹੈ । ਖੇਤੀ ਖੇਤਰ ਵਿੱਚ ਵੀ ਇਸ ਦੀ ਅਹਿਮੀਅਤ ਬਹੁਤ ਵਧ ਰਹੀ ਹੈ ਅਤੇ ਇਸ ਨਾਲ ਖੇਤੀ ਪਸਾਰ ਨੂੰ ਵੀ ਨਵੀਂ ਦਿਸ਼ਾ ਮਿਲਾ ਹੈ । ਅਜਿਹੇ ਦੌਰ ਵਿਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਲੋਂ ਵੀ ਵੱਧ ਤੋਂ ਵੱਧ ਕਿਸਾਨਾਂ ਤੱਕ ਨਵੀਨਤਮ ਖੇਤੀ ਜਾਣਕਾਰੀ ਅਤੇ ਹੋਰ ਸੇਧਾਂ ਪਹੁੰਚਾਉਣ ਲਈ ਆਪਣੀਆਂ ਪਸਾਰ ਸੇਵਾਵਾਂ ਨੂੰ ਸਮੇਂ ਦਾ ਹਾਣੀ ਬਣਾਇਆ ਹੈ । ਯੂਨੀਵਰਸਿਟੀ ਵੱਲੋਂ ਜਿੱਥੇ ਕਿਸਾਨਾਂ ਅਤੇ ਕਿਸਾਨ ਬੀਬੀਆਂ ਲਈ ਹਰ ਤਰ੍ਹਾਂ ਦੀ ਜਾਣਕਾਰੀ ਰਵਾਇਤੀ ਢੰਗਾਂ ਜਿਵੇਂ ਕਿ ਰੇਡਿਓ, ਟੈਲੀਵਿਜ਼ਨ, ਅਖਬਾਰਾਂ, ਰਸਾਲਿਆਂ ਜਾਂ ਹੋਰ ਅਜਿਹੇ ਮਾਧਿਅਮਾਂ ਰਾਹੀਂ ਪਹੁੰਚਾਈ ਜਾ ਰਹੀ ਹੈ ਉੱਥੇ ਖੇਤੀ ਕਾਸ਼ਤਕਾਰਾਂ ਤੱਕ ਤੁਰੰਤ ਨਵੀਂ ਜਾਣਕਾਰੀ ਪਹੁੰਚਾਉਣ ਲਈ ਸੂਚਨਾ ਅਤੇ ਤਕਨਾਲੋਜੀ ਦੇ ਆਧੁਨਿਕ ਸਾਧਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ ।**



# ਵਿਗਿਆਨਕ ਖੇਤੀ ਦੇ ਦੌਰ ਵਿਚ ਕਿਸਾਨ, ਯੂਨੀਵਰਸਿਟੀ ਦੀਆਂ ਨਵੀਨਤਮ ਪਸਾਰ-ਗਤੀਵਿਧੀਆਂ ਦਾ ਲਾਹਾ ਲੈਣ

**ਮੱਖਣ ਸਿੰਘ ਭੁੱਲਰ,**
**ਨਿਰਦੇਸ਼ਕ ਪਸਾਰ ਸਿੱਖਿਆ**

**ਇਲੈਕਟ੍ਰਾਨਿਕ ਮਾਧਿਅਮਾਂ ਰਾਹੀਂ ਜਾਣਕਾਰੀ** : ਅਜੋਕੇ ਇਲੈਕਟ੍ਰਾਨਿਕ ਯੁੱਗ ਵਿਚ ਖੇਤੀ ਅਤੇ ਖੇਤੀ ਅਧਾਰਿਤ ਧੰਦਿਆਂ ਸੰਬੰਧੀ ਸੰਪੂਰਨ ਜਾਣਕਾਰੀ ਪਹੁੰਚਾਉਣ ਲਈ ਯੂਨੀਵਰਸਿਟੀ ਕਿਸਾਨਾਂ ਦੀ ਸੇਵਾ ਅਤੇ ਸਹਿਯੋਗ ਲਈ ਤਕਰੀਬਨ ਹਰ ਸੋਸ਼ਲ ਮੀਡਿਆ ਪਲੇਟਫਾਰਮ ਤੇ ਮੌਜੂਦ ਹੈ । ਵੱਖ-ਵੱਖ ਮਾਧਿਅਮ ਜਿਵੇਂ ਕਿ ਪੀ.ਏ.ਯੂ. ਵੈਬਸਾਈਟ, ਫੇਸਬੁੱਕ, ਟਵਿੱਟਰ (ਐਕਸ), ਪੀ.ਏ.ਯੂ. ਕਿਸਾਨ ਐਪ, ਇੰਸਟਾਗ੍ਰਾਮ, ਯੂਟਿਊਬ ਰਾਹੀਂ ਕਿਸਾਨਾਂ ਤੱਕ ਹਰ ਤਰ੍ਹਾਂ ਦੀ ਜਾਣਕਾਰੀ ਪਹੁੰਚਾਈ ਜਾ ਰਹੀ ਹੈ। ਯੂਨੀਵਰਸਿਟੀ ਵੱਲੋਂ ਹਰ ਵੀਰਵਾਰ ਸਵੇਰੇ 11.00 ਵਜੇ ਆਪਣੇ ਫੇਸਬੁੱਕ ਪੇਜ ਯੂਟਿਊਬ ਚੈਨਲ ਤੇ ਲਾਈਵ ਪ੍ਰੋਗਰਾਮ ਕੀਤਾ ਜਾਂਦਾ ਹੈ ਅਤੇ ਇਸ ਪ੍ਰੋਗਰਾਮ ਕੀਤਾ ਜਾਂਦਾ ਹੈ ਅਤੇ ਇਸ ਪ੍ਰੋਗਰਾਮ ਵਿਚ ਕਿਸਾਨਾਂ ਦੇ ਸਵਾਲਾਂ ਦੇ ਜੁਆਬ ਦਿੱਤੇ ਜਾਂਦੇ ਹਨ ਅਤੇ ਸਮੇਂ ਮੁਤਾਬਿਕ ਤਕਨੀਕੀ ਜਾਣਕਾਰੀ ਦਿੱਤੀ ਜਾਂਦੀ ਹੈ । ਵੱਖ-ਵੱਖ ਫਸਲਾਂ, ਸਬਜ਼ੀਆਂ, ਫਲਾਂ ਅਤੇ ਹੋਰ ਫਸਲਾਂ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲੈਣ ਲਈ 82880-57707 ਨੰਬਰ ਤੇ ਵਟਸਐਪ ਕਰਕੇ ਜਾਂ ਈ-ਮੇਲ (adcomm@pau.edu) ਰਾਹੀਂ ਸਵਾਲ ਕਰ ਸਕਦੇ ਹੋ । ਕਿਸਾਨ ਵੀਰ ਆਪਣੀ ਫਸਲ ਦੀ ਕਿਸੇ ਵੀ ਸਮੱਸਿਆ ਦੀ ਫੋਟੋ ਖਿੱਚ ਕੇ ਵੀ ਉਪਰੋਕਤ ਮੋਬਾਈਲ ਨੰਬਰ ਜਾਂ ਈ-ਮੇਲ ਪਤੇ ਤੇ ਭੇਜ ਸਕਦਾ ਹੈ। ਇਸ ਤੋਂ ਇਲਾਵਾ ਖੇਤੀ ਸੰਬੰਧਿਤ ਹਰ ਤਰ੍ਹਾਂ ਦੀ ਤਕਨੀਕੀ ਜਾਣਕਾਰੀ ਹਾਸਲ ਕਰਨ ਲਈ ਕਿਸਾਨ ਪੀ. ਏ. ਯੂ. ਦੀ ਵੈਬਸਾਈਟ www.pau.edu ਤੇ ਪ੍ਰਦਰਸ਼ਿਤ ''ਫਾਰਮਰ ਪੋਰਟਲ'' ਨੂੰ ਵੇਖ ਸਕਦੇ ਹਨ । ਕਿਸਾਨਾਂ ਦੀ ਸੇਵਾ ਯੂਨੀਵਰਸਿਟੀ ਵੱਲੋਂ ਪੀ.ਏ.ਯੂ. ਕਿਸਾਨ ਐਪ ਬਣਾਈ ਹੈ ਜਿਸ ਨੂੰ ਤੁਸੀਂ ਆਪਣੇ ਸਮਾਰਟ ਫੋਨ ਤੇ ਡਾਊਨਲੋਡ ਕਰਕੇ ਹਰ ਤਰ੍ਹਾਂ ਦੀ ਜਾਣਕਾਰੀ ਕਿਸੇ ਵੇਲੇ ਕਿਸੇ ਵੀ ਸਥਾਨ ਤੇ ਹਾਸਲ ਕਰ ਸਕਦੇ ਹੋ । ਜਿਹੜੇ ਕਿਸਾਨ ਇੰਟਰਨੈੱਟ ਨਾਲ ਜੁੜੇ ਹੋਏ ਹਨ। ਉਹ ਪੀ.ਏ.ਯੂ. ਦੇ ਦੂਤ ਬਣਕੇ ਈਮੇਲ ਰਾਹੀਂ ਸਾਰੀ ਜਾਣਕਾਰੀ ਹਾਸਲ ਕਰ ਸਕਦੇ ਹਨ ਅਤੇ ਇਸ ਜਾਣਕਾਰੀ ਨੂੰ ਅੱਗੋਂ ਆਪਣੇ ਪਿੰਡ ਵਿਚ ਪਸਾਰ ਸਕਦੇ ਹਨ। ਯੂਨੀਵਰਸਿਟੀ ਵੱਲੋਂ ਹਫਤੇ ਦੇ ਹਰ ਬੁੱਧਵਾਰ 'ਖੇਤੀ ਸੰਦੇਸ਼' ਦਾ ਨਾਂ ਦਾ ਡਿਜ਼ੀਟਲ ਅਖਬਾਰ ਜਾਰੀ ਕੀਤਾ ਜਾਂਦਾ ਹੈ, ਜਿਸਨੂੰ ਹਾਸਲ ਕਰਨ ਲਈ ਤੁਹਾਨੂੰ ਮੋਬਾਈਲ ਨੰਬਰ 82880-57707 ਤੇ ਸਿਰਫ ਇੱਕ ਮਿਸਡ ਕਾਲ ਦੇਣ ਦੀ ਹੀ ਲੋੜ ਹੈ। ਇਹਨਾਂ ਤੋਂ ਇਲਾਵਾ ਖੇਤੀ ਅਤੇ ਇਸ ਨਾਲ ਸੰਬੰਧਿਤ ਧੰਦਿਆਂ ਦੀਆਂ ਸਮੱਸਿਆਵਾਂ ਅਤੇ ਉਹਨਾਂ ਦੇ ਹੱਲ ਲਈ ਛੋਟੀਆਂ-ਛੋਟੀਆਂ ਰੀਲਾਂ ਬਣਾ ਕੇ ਟਵਿੱਟਰ (ਐਕਸ), ਫੇਸਬੁੱਕ ਤੇ ਇੰਸਟਾਗ੍ਰਾਮ ਤੇ ਪਾਈਆਂ ਜਾਂਦੀਆਂ ਹਨ ਤਾਂ ਕਿ ਕਿਸੇ ਫਸਲ ਜਾਂ ਹੋਰ ਧੰਦੇ ਸੰਬੰਧੀ ਸਮੱਸਿਆ ਦੇ ਹੱਲ ਸਬੰਧੀ ਜਾਣਕਾਰੀ ਤੁਰੰਤ ਪਹੁੰਚਾਈ ਜਾ ਸਕੇ । ਖੇਤੀ ਅਤੇ ਖੇਤੀ ਅਧਾਰਿਤ ਕੰਮਾਂ ਸਬੰਧੀ ਤੁਰੰਤ ਅਤੇ ਨਵੀਨਤਮ ਜਾਣਕਾਰੀ ਹਾਸਿਲ ਕਰਨ ਲਈ ਤੁਸੀਂ ਆਪਣੇ ਕਿਸੇ ਵੀ ਸਮਾਰਟ ਫੋਨ ਤੇ ਯੂਨੀਵਰਸਿਟੀ ਵੱਲੋਂ ਚਲਾਏ ਜਾਂਦੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਡਾਊਨਲੋਡ ਕਰ ਸਕਦੇ ਹੋ ।



ਪਿਛਲੇ ਕੁਝ ਸਾਲਾਂ ਵਿਚ ਮੌਸਮ ਵਿੱਚ ਬਹੁਤ ਹੀ ਉਤਰਾਅ-ਚੜ੍ਹਾਅ ਵੇਖਣ ਨੂੰ ਮਿਲ ਰਹੇ ਹਨ ਜਿਸ ਦੇ ਸਿੱਟੇ ਵਜੋਂ ਨਵੇਂ ਕੀੜੇ ਅਤੇ ਬਿਮਾਰੀਆਂ ਨਾਲ ਫਸਲ ਪ੍ਰਭਾਵਿਤ ਹੁੰਦੀ ਹੈ । ਮੌਸਮ ਦੇ ਬਦਲੇ ਮਿਜ਼ਾਜ ਨੂੰ ਧਿਆਨ ਵਿੱਚ ਰੱਖਦੇ ਹੋਏ ਯੂਨੀਵਰਸਿਟੀ ਵੱਲੋਂ ਕਿਸਾਨਾਂ ਨੂੰ ਮੋਬਾਇਲ ਫੋਨ ਤੇ ਹਰ ਹਫਤੇ ਸੰਦੇਸ਼ ਭੇਜ ਕੇ ਸਲਾਹ ਦਿਤੀ ਜਾਂਦੀ ਹੈ । ਇਸ ਤੋਂ ਇਲਾਵਾ ਯੂਨੀਵਰਸਿਟੀ ਵੱਲੋਂ ਆਲੂਆਂ ਦੀ ਫਸਲ ਨੂੰ ਝੁਲਸ ਰੋਗ ਤੋਂ ਬਚਾਉਣ ਲਈ ਮੌਸਮ ਨਾਲ ਅਧਾਰਤ ਇੰਟਰਨੈੱਟ ਅਧਾਰਿਤ ਨਿਰਣਾਇਕ ਪ੍ਰਣਾਲੀ ਕਿਸਾਨਾਂ ਨੂੰ ਦਿੱਤੀ ਹੈ, ਜੋ ਕਿ ਯੂਨੀਵਰਸਿਟੀ ਦੀ ਵੈਬਸਾਈਟ ਉੱਪਰ ਮੌਜੂਦ ਹੈ ।

**ਟੈਲੀਫੋਨ ਰਾਹੀਂ ਜਾਣਕਾਰੀ** : ਖੇਤੀਬਾੜੀ ਨਾਲ ਸਬੰਧਿਤ ਵੱਖੋ-ਵੱਖ ਵਿਸ਼ਿਆਂ ਦੇ ਮਾਹਿਰ ਵੀ ਕਿਸਾਨਾਂ ਨੂੰ ਸਲਾਹ-ਮਸ਼ਵਰਾ ਸੇਵਾਵਾਂ ਮੁਹੱਈਆ ਕਰਨ ਲਈ ਹਮੇਸ਼ਾਂ ਹਾਜ਼ਰ ਰਹਿੰਦੇ ਹਨ ਅਤੇ ਇਹਨਾਂ ਵਿਗਿਆਨੀਆਂ ਦੇ ਫੋਨ ਨੰਬਰ ਪੀ.ਏ.ਯੂ. ਵੱਲੋਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਾੜ੍ਹੀ ਅਤੇ ਸਾਉਣੀ ਦੀਆਂ ਫਸਲਾਂ ਦੀਆਂ ਸਿਫਾਰਸ਼ਾਂ, ਫਲ ਅਤੇ ਸਬਜ਼ੀਆਂ ਦੀ ਕਾਸ਼ਤ ਵਾਲੀਆਂ ਸਿਫਾਰਿਸ਼ਾਂ ਵਾਲੀਆਂ ਕਿਤਾਬਾਂ ਤੋਂ ਇਲਾਵਾ ਯੂਨੀਵਰਸਿਟੀ ਦੀ ਵੈਬਸਾਈਟ ਤੇ ਦਿੱਤੇ ਜਾਂਦੇ ਹਨ, ਜਿੱਥਂ ਨੰਬਰ ਲੈ ਕੇ ਤੁਸੀਂ ਇਹਨਾਂ ਨਾਲ ਸਿੱਧਾ ਸੰਪਰਕ ਕਰ ਸਕਦੇ ਹੋ । ਇਹਨਾਂ ਕਿਤਾਬਾਂ ਵਿਚ ਦਿੱਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ, ਫਾਰਮ ਸਲਾਹਕਾਰ ਸੇਵਾ ਕੇਂਦਰਾਂ, ਖੇਤਰੀ ਖੋਜ ਕੇਂਦਰਾਂ, ਫਲਦਾਰ ਬੂਟਿਆਂ ਦੀਆਂ ਨਰਸਰੀਆਂ ਦੇ ਫੋਨ ਨੰਬਰਾਂ ਤੇ ਸੰਪਰਕ ਕਰਕੇ ਖੇਤੀ ਤਕਨੀਕੀ, ਬੀਜਾਂ ਅਤੇ ਫਲਦਾਰ ਪੌਦਿਆਂ, ਹੋਰ ਸਹੂਲਤਾਂ ਸਬੰਧੀ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ । ਕਿਸਾਨ 0161-401960 ਨੰਬਰ ਤੇ ਫੋਨ ਕਰਕੇ 417 ਐਕਸਟੈਨਸ਼ਨ ਨੰਬਰ ਮੰਗ ਕੇ ਪੀ. ਏ. ਯੂ. ਕਿਸਾਨ ਹੈਲਪਲਾਈਨ ਦਾ ਲਾਹਾ ਲੈ ਸਕਦੇ ਹਨ ।

**ਲਿਖਤੀ ਜਾਣਕਾਰੀ ਅਤੇ ਪ੍ਰਕਾਸ਼ਨਾਵਾਂ** : ਖੇਤੀ ਨੂੰ ਵਿਗਿਆਨਕ ਲੀਹਾਂ ਤੇ ਤੋਰਨ ਲਈ ਯੂਨੀਵਰਸਿਟੀ ਵੱਲੋਂ ਹਾੜ੍ਹੀ ਸਾਉਣੀ, ਫਲ ਅਤੇ ਸਬਜ਼ੀਆਂ ਦੀਆਂ ਸਿਫਾਰਸ਼ਾਂ ਵਾਲੀਆਂ ਕਿਤਾਬਾਂ ਤੋਂ ਇਲਾਵਾ ਚੰਗੀ ਖੇਤੀ ਅਤੇ ਪ੍ਰੋਗਰੈਸਿਵ ਫਾਰਮਿੰਗ, ਮਾਸਿਕ ਰਸਾਲੇ ਵੀ ਛਾਪੇ ਜਾਂਦੇ ਹਨ, ਜੋ ਕਿ ਕਿਸਾਨਾਂ ਨੂੰ ਲਾਗਤ ਮੁੱਲ 'ਤੇ ਹੀ ਮੁਹੱਈਆ ਕੀਤੇ ਜਾਂਦੇ ਹਨ । ਯੂਨੀਵਰਸਿਟੀ ਦੇ ਸੰਚਾਰ ਕੇਂਦਰ ਵੱਲੋਂ ਹੋਰ ਵੀ ਬਹੁਤ ਸਾਰੇ ਵਿਸ਼ਿਆਂ ਤੇ ਕਿਤਾਬਚੇ ਛਾਪੇ ਜਾਂਦੇ ਹਨ । ਇਹ ਪ੍ਰਕਾਸ਼ਨਾਵਾਂ ਵੱਖ-ਵੱਖ ਜ਼ਿਲ੍ਹਿਆਂ ਵਿਚ ਸਥਿਤ ਕੇ.ਵੀ.ਕੇ., ਫਾਰਮ ਸਲਾਹਕਾਰ ਸੇਵਾ ਕੇਂਦਰਾਂ ਜਾਂ ਖੇਤੀ ਖੋਜ ਕੇਂਦਰਾਂ ਤੋਂ ਵੀ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ ।

**ਵੱਖ-ਵੱਖ ਜ਼ਿਲ੍ਹਿਆਂ ਵਿਚ ਸਥਿਤ ਪਸਾਰ ਕੇਂਦਰਾਂ ਦੀਆਂ ਸੇਵਾਵਾਂ** : ਅਜੋਕੇ ਦੌਰ ਵਿਚ ਪੰਜਾਬ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਲੋਂ ਕਿਸਾਨਾਂ ਨੂੰ ਲਗਾਤਾਰ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ । ਇਹਨਾਂ ਕੇਂਦਰਾਂ ਵਲੋਂ ਵੱਖ-ਵੱਖ ਵਿਸ਼ਿਆਂ ਮੁਤਾਬਿਕ ਵੱਟਸਐਪ ਗਰੁੱਪ ਬਣਾਕੇ, ਖੇਤੀ ਵਿਕਾਸ ਨਾਲ ਜੁੜੇ ਮਹਿਕਮਿਆਂ ਜਿਵੇਂ ਕਿ ਖੇਤੀਬਾੜੀ, ਬਾਗਬਾਨੀ, ਕੋਆਪਰੇਟਿਵ ਮਹਿਕਮੇ, ਪਿੰਡਾਂ ਦੀਆਂ ਪੰਚਾਇਤਾਂ ਦੇ ਗਰੁੱਪਾਂ ਵਿਚ ਸ਼ਾਮਲ ਹੋ ਕੇ ਵੱਧ ਤੋਂ ਵੱਧ ਕਿਸਾਨਾਂ ਤੱਕ ਪਹੁੰਚ ਕਰਕੇ ਖੇਤੀ ਸਬੰਧੀ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਹੈ। ਵੱਖ-ਵੱਖ ਖੇਤੀ ਤਕਨੀਕਾਂ ਨੂੰ ਲਿਖਤੀ ਰੂਪ ਵਿਚ ਜਾਂ ਛੋਟੀਆਂ ਫਿਲਮਾਂ ਬਣਾ ਕੇ ਵੀ ਕਿਸਾਨਾਂ ਤੱਕ ਪਹੁੰਚਾਈਆਂ ਜਾ ਰਹੀਆਂ ਹਨ । ਕ੍ਰਿਸ਼ੀ ਵਿਗਿਆਨ ਕੇਂਦਰਾਂ ਵੱਲੋਂ ਕਿਸਾਨ ਮੋਬਾਈਲ ਐਡਵਾਈਜ਼ਰੀ ਸਰਵਿਸ ਸ਼ੁਰੂ ਕੀਤੀ ਗਈ ਹੈ ਅਤੇ ਇਸ ਸਮੇਂ ਇਸ ਸੇਵਾ ਲਈ ਹਜ਼ਾਰਾਂ ਕਿਸਾਨਾਂ ਨੇ ਆਪਣਾ ਨਾਮ ਦਰਜ ਕੀਤਾ ਹੋਇਆ ਹੈ । ਇਸ ਤੋਂ ਇਲਾਵਾ ਪੰਜਾਬ ਦੇ 15 ਜ਼ਿਲ੍ਹਿਆਂ ਵਿਚ ਸਥਿਤ ਖੇਤੀ ਸਲਾਹਕਾਰੀ ਸੇਵਾ ਕੇਂਦਰ ਖੇਤੀ ਸੰਬੰਧੀ ਆਧੁਨਿਕ ਅਤੇ ਸੁਧਰੀਆਂ ਤਕਨੀਕਾਂ ਨੂੰ ਕਿਸਾਨਾਂ ਤੱਕ ਪਹੁੰਚਾਉਣ ਲਈ ਵੱਡੀ ਭੂਮਿਕਾ ਨਿਭਾਅ ਰਹੇ ਹਨ । ਇਹਨਾਂ ਕੇਂਦਰਾਂ ਵੱਲੋਂ ਆਪਣੇ ਜ਼ਿਲ੍ਹਿਆਂ ਵਿਚ ਕਿਸਾਨਾਂ ਨੂੰ ਖੇਤੀ ਉਤਪਾਦਨ, ਪੌਦ-ਸੁਰੱਖਿਆ ਤਕਨੀਕਾਂ ਅਤੇ ਖੇਤੀ ਸਾਧਨਾਂ ਦੀ ਸੁਚੱਜੀ ਵਰਤੋਂ ਬਾਰੇ ਸਲਾਹ ਦਿੱਤੀ ਜਾਂਦੀ ਹੈ ਤਾਂ ਕਿ ਫਸਲਾਂ, ਫਲਾਂ ਅਤੇ ਸਬਜ਼ੀਆਂ ਦੀ ਘੱਟ ਖਰਚੇ ਵਿਚ ਚੰਗੀ ਪੈਦਾਵਾਰ ਹੋ ਸਕੇ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਖੇਤੀ ਦੂਤ ਰਾਹੀਂ ਸੁਨੇਹੇ ਦੇ ਕੇ ਤਕਨੀਕੀ ਜਾਣਕਾਰੀ ਕਿਸਾਨ ਤੱਕ ਪਹੁੰਚਦੀ ਕਰਨ ਵਿਚ ਪਹਿਲਕਦਮੀ ਕੀਤੀ ਹੈ। ਇਹਨਾਂ ਨੂੰ ਈ-ਮੇਲ ਰਾਹੀਂ ਖੇਤੀਬਾੜੀ ਸਬੰਧਤ ਐਡਵਾਇਜ਼ਰੀ ਭੇਜੀ ਜਾਂਦੀ ਹੈ, ਤਾਂ ਕਿ ਉਹ ਅੱਪੋ ਆਪਣੇ ਪਿੰਡ ਵਿਚ ਉਸ ਜਾਣਕਾਰੀ ਨੂੰ ਦੂਜੇ ਕਿਸਾਨਾਂ ਤੱਕ ਵੀ ਪਹੁੰਚਦਾ ਕਰ ਸਕਣ । ਇਸ ਸਬੰਧ ਵਿਚ ਕਿਸਾਨ ਆਪਣਾ ਈਮੇਲ ਪਤਾ ਆਪਣੇ ਨਜ਼ਦੀਕ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਜਾਂ ਫਾਰਮ ਸਲਾਹਕਾਰ ਸੇਵਾ ਕੇਂਦਰ ਦੇ ਦਫਤਰ ਵਿਚ ਦੇ ਕੇ ਆਪਣਾ ਨਾਮ ਦਰਜ ਕਰਵਾ ਸਕਦੇ ਹਨ ।

**ਕਿਸਾਨਾਂ ਅਤੇ ਕਿਸਾਨ ਬੀਬੀਆਂ ਲਈ ਸਿਖਲਾਈ ਕੋਰਸ** : ਯੂਨੀਵਰਸਿਟੀ ਦੇ ਵੱਖ-ਵੱਖ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਪੀ.ਏ.ਯੂ. ਸਥਿਤ ਸਕਿੱਲ ਡਿਵੈਲਪਮੈਂਟ ਸੈਂਟਰ ਵਲੋਂ ਕਿਸਾਨਾਂ ਅਤੇ ਕਿਸਾਨ ਬੀਬੀਆਂ ਲਈ ਸਿਖਲਾਈ ਕੋਰਸ ਅਯੋਜਤ ਕੀਤੇ ਜਾ ਰਹੇ ਹਨ । ਇਹਨਾਂ ਸਿਖਲਾਈ ਕੋਰਸਾਂ ਦਾ ਸਾਰਾ ਬਿਊਰਾ ਯੂਨੀਵਰਸਿਟੀ ਦੀ ਵੈੱਬਸਾਈਟ ਤੇ ਪ੍ਰਦਰਸ਼ਿਤ ਕਿਸਾਨ ਪੋਰਟਲ ਤੋਂ ਇਲਾਵਾ, ਚੰਗੀ ਖੇਤੀ ਜਾਂ ਪ੍ਰੋਗਰੈਸਿਵ ਫਾਰਮਿੰਗ ਰਸਾਲਿਆਂ ਦੇ ਪਿਛਲੇ ਪੰਨਿਆਂ ਉੱਪਰ ਵੀ ਦਿੱਤਾ ਜਾਂਦਾ ਹੈ । ਯੂਨੀਵਰਸਿਟੀ ਦੀਆਂ ਕਿਤਾਬਾਂ ਵਿਚ ਦਿੱਤੇ ਗਏ ਟੈਲੀਫੋਨ ਨੰਬਰਾਂ ਤੇ ਸੰਪਰਕ ਕਰਕੇ ਵੀ ਸਿਖਲਾਈ ਕੋਰਸ ਸਬੰਧੀ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ । ਪੰਜਾਬ ਦੇ ਕਿਸਾਨਾਂ ਅਤੇ ਕਿਸਾਨ ਬੀਬੀਆਂ ਲਈ ਲਗਦੇ ਵਿਸ਼ੇਸ਼ ਸਿਖਲਾਈ ਕੋਰਸਾਂ ਲਈ ਸਕਿਲ ਡਿਵੈਲਪਮੈਂਟ ਸੈਂਟਰ ਨਾਲ ਰਾਬਤਾ ਕਾਇਮ ਕਰਨ ਲਈ ਯੂਨੀਵਰਸਿਟੀ ਦੀ ਵੈੱਬਸਾਈਟ ਦੇ ਹੋਮ ਪੇਜ ਤੇ ਜਾ ਕੇ ਕਿਸੇ ਵੀ ਤਰ੍ਹਾਂ ਦੀ ਸਿਖਲਾਈ ਲਈ ਅਰਜ਼ੀ ਦੇ ਸਕਦੇ ਹਨ ।

ਕਿਸਾਨ ਵੀਰੋ ਆਉਣ ਵਾਲੇ ਸਮੇਂ ਵਿਚ ਕਣਕ ਦੀ ਵਾਢੀ ਕੀਤੀ ਜਾਣੀ ਹੈ ਅਤੇ ਤੁਹਾਨੂੰ ਪੁਰਜ਼ੋਰ ਅਪੀਲ ਹੈ ਕਿ ਤੁਸੀਂ ਕਣਕ ਦੇ ਨਾੜ ਨੂੰ ਨਾ ਸਾੜਿਓ ਕਿਉਕਿ ਇਸ ਨਾਲ ਜਿੱਥੇ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ, ਉਸ ਦੇ ਨਾਲ-ਨਾਲ ਵੱਡੀ ਮਾਤਰਾ ਵਿਚ ਖੁਰਾਕੀ ਤੱਕ ਅਤੇ ਸੂਖਮ ਜੀਵਾਣੂੰਆਂ ਦਾ ਨੁਕਸਾਨ ਹੁੰਦਾ ਹੈ ਅਤੇ ਨਾਲ ਹੀ ਬਹੁਤ ਸਾਰੇ ਪੌਦੇ ਅਤੇ ਪੰਛੀ ਸੜ ਜਾਂਦੇ ਹਨ । ਇਸ ਦੇ ਨਾਲ ਮੈਂ ਤੁਹਾਨੂੰ ਇਕ ਹੋਰ ਅਪੀਲ ਕਰਦਾ ਹਾਂ ਕਿ ਪੰਜਾਬ ਵਿਚ ਜ਼ਮੀਨੀ ਪਾਣੀ ਦੇ ਦਿਨੋ-ਦਿਨ ਨਿੱਘਰ ਰਹੇ ਪੱਧਰ ਨੂੰ ਠੱਲ੍ਹ ਪਾਉਣ ਲਈ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀਆਂ ਝੋਨੇ ਦੀਆਂ ਕਿਸਮਾਂ ਦੀ ਹੀ ਬਿਜਾਈ ਕਰਿਓ ਅਤੇ ਪਾਣੀ ਬਚਾਉਣ ਲਈ ਹਰ ਹੀਲਾ ਵਰਤੋਂ ਵਿਚ ਲਿਆਓ । ਕਿਸਾਨ ਵੀਰੋ ਮਾਰਚ ਮਹੀਨੇ ਪੀ.ਏ.ਯੂ. ਲੁਧਿਆਣਾ ਅਤੇ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚ 'ਖੇਤਾਂ ਨਾਲ ਸਹਾਇਕ ਧੰਦਾ, ਪਰਿਵਾਰ ਸੁਖੀ ਮੁਨਾਫਾ ਚੰਗਾ' ਦੇ ਉਦੇਸ਼ ਨਾਲ ਲੱਗਣ ਵਾਲੇ ਕਿਸਾਨ ਮੇਲਿਆਂ ਵਿਚ ਤੁਸੀਂ ਆਪਣੇ ਪਰਿਵਾਰ ਸਮੇਤ ਪਹੁੰਚੋ ਅਤੇ ਯੂਨੀਵਰਸਿਟੀ ਵੱਲੋਂ ਇਜ਼ਾਦ ਕੀਤੀਆਂ ਨਵੀਆਂ ਤਕਨੀਕਾਂ ਦੇਖੋ ਅਤੇ ਖੇਤੀ ਸਬੰਧੀ ਤਕਨੀਕੀ ਜਾਣਕਾਰੀ ਹਾਸਿਲ ਕਰਨ ਦੇ ਨਾਲ-ਨਾਲ ਸੁਧਰੀਆਂ ਕਿਸਮਾਂ ਦੇ ਬੀਜ, ਸਬਜ਼ੀਆਂ ਦੀ ਪਨੀਰੀ ਅਤੇ ਫੁੱਲਾਂ ਦੇ ਪੌਦੇ ਜ਼ਰੂਰ ਲੈ ਕੇ ਜਾਇਓ ।


## FORM IV

**(See Rule-8)**

| | | | |
|---|---|---|---|
| 1. | Place of Publication | : | Patiala |
| 2. | Periodicity of its Publication | : | Weekly |
| 3. | Printer's Name | : | Jagpreet Singh |
| | Nationality | : | Indian |
| | Address | : | 9-A, Ajit Nagar, Patiala-147001 (Punjab) |
| 4. | Publisher's Name | : | Jagpreet Singh |
| | Nationality | : | Indian |
| | Address | : | 9-A, Ajit Nagar, Patiala-147001 (Punjab) |
| 5. | Editor's Name | : | Jagpreet Singh |
| | Nationality | : | Indian |
| | Address | : | 9-A, Ajit Nagar, Patiala-147001 (Punjab) |

I, Jagpreet Singh hereby declare that the particulars given above are true to the best of my knowledge.

28-02-2024

**(Jagpreet Singh)**
**Publisher**


# ਮਿੱਟੀ ਅਤੇ ਪੱਤਾ ਪਰਖ ਵਿਧੀ ਅਪਨਾਓ ਲੀਚੀ ਦਾ ਝਾੜ ਅਤੇ ਗੁਣਵੱਤਾ ਵਧਾਓ

**ਨਵਪ੍ਰੇਮ ਸਿੰਘ, ਫਲ ਵਿਗਿਆਨ ਵਿਭਾਗ, ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ**
**ਜਗਦੀਸ਼ ਸਿੰਘ, ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਗੁਰਦਾਸਪੁਰ ।**

ਪੰਜਾਬ ਵਿਚ ਲੀਚੀ ਦੀ ਕਾਸ਼ਤ ਮੁੱਖ ਰੂਪ ਵਿਚ ਪਠਾਨਕੋਟ, ਗੁਰਦਾਸਪੁਰ, ਸ਼ਹੀਦ ਭਗਤ ਸਿੰਘ ਨਗਰ, ਪਟਿਆਲਾ ਅਤੇ ਮੋਹਾਲੀ ਆਦਿ ਜ਼ਿਲ੍ਹਿਆਂ ਵਿੱਚ ਕੀਤੀ ਜਾਂਦੀ ਹੈ । ਲੀਚੀ ਦੇ ਗੂੜ੍ਹੇ ਗੁਲਾਬੀ ਤੋਂ ਲਾਲ ਰੰਗ ਅਤੇ ਵਧੀਆ ਖੁਸ਼ਬੂ ਕਰਕੇ ਹੀ ਇਸ ਨੂੰ ਫਲਾਂ ਦੀ ਰਾਣੀ ਵੀ ਕਿਹਾ ਜਾਂਦਾ ਹੈ । ਪੰਜਾਬ ਵਿੱਚ ਲੀਚੀ ਹੇਠ ਰਕਬਾ ਲਗਭਗ 3057 ਹੈਕਟੇਅਰ ਹੈ ਜਿਸਦਾ ਔਸਤਨ ਝਾੜ 16.3 ਟਨ ਪ੍ਰਤੀ ਹੈਕਟੇਅਰ ਹੈ । ਔਸਤ ਫਸਲ ਦੇ ਝਾੜ ਵਿਚ ਖਾਦਾਂ ਦਾ ਯੋਗਦਾਨ 50-70% ਤੱਕ ਹੁੰਦਾ ਹੈ, ਜਿੱਥੇ ਖਾਦਾਂ ਦੀ ਵਰਤੋਂ ਤੋਂ ਬਗੈਰ ਫਸਲਾਂ ਦਾ ਝਾੜ ਘੱਟਦਾ ਅਤੇ ਬੂਟੇ ਦਾ ਵਾਧਾ ਵੀ ਨਹੀਂ ਹੁੰਦਾ, ਉੱਥੇ ਹੀ ਖਾਦਾਂ ਦੀ ਵਾਧੂ ਵਰਤੋਂ ਨਾਲ ਫਸਲਾਂ ਦਾ ਝਾੜ ਘੱਟ ਵੀ ਸਕਦਾ ਹੈ । ਜੇਕਰ ਅਸੀਂ ਯੂਰੀਆ ਖਾਦ ਦੀ ਵਰਤੋਂ ਹੀ ਲੋੜ ਤੋਂ ਜ਼ਿਆਦਾ ਕਰਦੇ ਹਾਂ ਤਾਂ ਇਸ ਨਾਲ ਨਾ ਸਿਰਫ ਆਰਥਿਕ ਪੱਖੋਂ ਹੀ ਨੁਕਸਾਨ ਨਹੀਂ ਹੁੰਦਾ ਸਗੋਂ ਫਲਾਂ ਤੇ ਕੀੜਿਆਂ ਅਤੇ ਬੀਮਾਰੀਆਂ ਦਾ ਹਮਲਾ ਵੀ ਜ਼ਿਆਦਾ ਹੁੰਦਾ ਹੈ । ਇੱਕ ਅੰਦਾਜ਼ੇ ਮੁਤਾਬਿਕ ਹਰੇਕ ਇਕ ਟਨ ਲੀਚੀ ਦਾ ਫਲ 2.2 ਕਿਲੋ ਨਾਈਟਰੋਜਨ, 2.2 ਕਿਲੋ ਫਾਸਫੋਰਸ ਅਤੇ 6.6 ਕਿਲੋ ਪੋਟਾਸ਼ ਖੇਤ ਵਿੱਚੋਂ ਲੈਂਦਾ ਹੈ । ਸੋ ਜਿਵੇਂ ਕੇ ਪੰਜਾਬ ਵਿਚ ਲੀਚੀ ਦਾ ਔਸਤਨ ਝਾੜ 16,375 ਕਿਲੋ ਪ੍ਰਤੀ ਹੈਕਟੇਅਰ ਹੈ ਜੇਕਰ ਅਸੀਂ ਇਕ ਹੈਕਟੇਅਰ ਰਕਬੇ ਵਿੱਚੋਂ ਲਗਭਗ 16 ਟਨ ਲੀਚੀ ਦਾ ਔਸਤਨ ਝਾੜ ਲੈ ਰਹੇ ਹਾਂ ਤਾਂ ਇਹ ਖੇਤ ਵਿੱਚੋਂ 35.2 ਕਿਲੋ ਨਾਈਟਰੋਜਨ, 35.2 ਕਿਲੋ ਫਾਸਫੋਰਸ ਅਤੇ 105.6 ਕਿਲੋ ਪੋਟਾਸ਼ ਤੱਤ ਕੱਢ ਲੈਂਦੇ ਹਾਂ । ਜੇਕਰ ਅਸੀਂ ਇੰਨੀ ਮਾਤਰਾ ਵਿੱਚ ਤੱਤ ਖੇਤ ਵਿੱਚੋਂ ਹੋਰ ਲੈ ਰਹੇ ਹਾਂ ਤਾਂ ਲੰਮੇ ਸਮੇਂ ਤੱਕ ਵਧੀਆ ਝਾੜ ਲੈਣ ਅਤੇ ਭੂਮੀ ਦੀ ਸਿਹਤ ਨੂੰ ਬਰਕਰਾਰ ਰੱਖਣ ਲਈ ਸਾਨੂੰ ਘੱਟੋ-ਘੱਟ ਇੰਨੇ ਤੱਤ ਖੇਤ ਵਿਚ ਪਾਉਣੇ ਚਾਹੀਦੇ ਹਨ । ਜੇਕਰ ਜ਼ਰੂਰੀ ਤੱਤਾਂ ਵਿਚੋਂ ਇਕ ਤੱਤ ਦੀ ਵੀ ਕਮੀ ਆਉਂਦੀ ਹੈ ਤਾਂ ਨਾ ਸਿਰਫ ਝਾੜ ਘੱਟਦਾ ਹੈ ਸਗੋਂ ਫਲ ਦੀ ਗੁਣਵੱਤਾ ਤੇ ਵੀ ਮਾੜਾ ਅਸਰ ਪੈਂਦਾ ਹੈ ਜੋ ਕਿ ਸਿੱਧੇ ਤੌਰ ਤੇ ਕਿਸਾਨ ਦਾ ਆਰਥਿਕ ਨੁਕਸਾਨ ਹੈ । ਇਸ ਨੁਕਸਾਨ ਤੋਂ ਬਚਣ ਲਈ ਜ਼ਰੂਰੀ ਹੈ ਕਿ ਤੱਤ ਦੀ ਘਾਟ ਦਾ ਪਹਿਲਾਂ ਹੀ ਪਤਾ ਲਗਾ ਲਿਆ ਜਾਵੇ ਜੋ ਕਿ ਪੱਤਾ ਪਰਖ ਨਾਲ ਅਸਾਨੀ ਨਾਲ ਲਗਾਇਆ ਜਾ ਸਕਦਾ ਹੈ ।



**ਪੱਤਿਆਂ ਅਤੇ ਮਿੱਟੀ ਦੀ ਪਰਖ** : ਬੂਟੇ ਦੀਆਂ ਪੱਤਿਆਂ ਦੀ ਪਰਖ ਦੇ ਅਧਾਰ ਤੇ ਖਾਦ ਦੀ ਵਰਤੋਂ ਇੱਕ ਉੱਨਤ ਅਤੇ ਵਿਸ਼ਵਾਸ ਯੋਗ ਤਕਨੀਕ ਵਜੋਂ ਵਿਕਸਿਤ ਹੋ ਰਹੀ ਹੈ । ਇਸ ਤਕਨੀਕ ਵਜੋਂ ਵਿਕਸਿਤ ਹੋ ਰਹੀ ਹੈ । ਇਸ ਤਕਨੀਕ ਵਿਚ ਬੂਟੇ ਦੇ ਚਾਰੇ ਪਾਸਿਆਂ ਤੋਂ ਲਗਭਗ 50 ਪਤਝੜ ਰੁੱਤ ਦੇ 4-5 ਮਹੀਨੇ ਪੁਰਾਣੇ ਅਤੇ ਦੂਜੇ ਅਤੇ ਤੀਜੇ ਪੱਤਿਆਂ ਦੇ ਜੋੜੇ, ਫਰਵਰੀ-ਮਾਰਚ ਮਹੀਨੇ ਦੌਰਾਨ ਇਕੱਠੇ ਕਰਕੇ ਵੱਖ ਵੱਖ ਤੱਤਾਂ ਦੀ ਘਾਟ ਦਾ ਪਤਾ ਲਗਾਉਣ ਲਈ ਵਰਤੇ ਜਾਂਦੇ ਹਨ (ਚਿੱਤਰ ਨੰਬਰ-1)




ਚਿੱਤਰ 1 : ਪੱਤਿਆਂ ਦੀ ਪਰਖ ਲਈ ਨਮੂਨਾ ਲੈਣ ਲਈ ਤਰਤੀਬ

ਪੱਤਿਆਂ ਦਾ ਨਮੂਨੇ ਲੈਣ ਵੇਲੇ ਧਿਆਨ ਰੱਖੋ ਕਿ

★ ਲਗਭਗ 50 ਪੱਤੇ ਇਕਸਾਰ ਬੂਟਿਆਂ ਤੋਂ, ਚਾਰੇ ਪਾਸਿਉਂ (ਉੱਤਰ, ਦੱਖਣ, ਪੂਰਬ, ਪੱਛਮ) ਇੱਕ ਤੋਂ ਦੋ ਮੀਟਰ ਦੀ ਉੱਚਾਈ ਤੱਕ ਲਵੋ ।

★ ਬਾਗ ਦੇ ਚੁਣੇ ਹੋਏ ਬਲਾਕਾਂ ਵਿੱਚੋਂ 10-20% ਇਕਸਾਰ ਬੂਟਿਆਂ ਤੋਂ ਪੱਤਿਆਂ ਦੇ ਨਮੂਨੇ ਲਉ ।

★ ਲੀਚੀ ਦੇ ਪੱਤਿਆਂ ਦਾ ਨਮੂਨੇ ਫਰਵਰੀ-ਮਾਰਚ ਮਹੀਨੇ ਦੌਰਾਨ ਲਵੋ ।

★ ਜੇਕਰ ਬੂਟੇ ਵੱਖ ਵੱਖ ਉਮਰ ਅਤੇ ਵੱਖ ਵੱਖ ਕਿਸਮ ਦੇ ਹੋਣ ਤਾਂ ਪੱਤਿਆਂ ਦੇ ਨਮੂਨੇ ਵੱਖੋ ਵੱਖਰੇ ਲਵੋ ਅਤੇ ਆਪਸ ਵਿਚ ਨਾ ਮਿਲਾਓ ।

★ ਪੱਤਿਆਂ ਦੇ ਨਮੂਨੇ ਵੱਖ-ਵੱਖ ਕਾਗਜ਼ ਦੇ ਲਿਫਾਫਿਆਂ ਵਿੱਚ ਪਾ ਕੇ ਜਲਦੀ ਤੋਂ ਜਲਦੀ ਪੱਤਾ ਘੋਖ ਪ੍ਰਯੋਗਸ਼ਾਲਾ ਵਿਚ ਭੇਜੋ । ਲਿਫਾਫਿਆਂ ਨੂੰ ਬਰਫ ਵਿੱਚ ਰੱਖੋ ।

★ ਪੱਤਿਆਂ ਦੇ ਨਮੂਨੇ ਫਲ ਵਿਗਿਆਨ ਵਿਭਾਗ, ਪੀ.ਏ.ਯੂ., ਲੁਧਿਆਣਾ ਜਾਂ ਖੇਤਰੀ ਕੇਂਦਰ, ਅਬੋਹਰ, ਬਠਿੰਡਾ ਅਤੇ ਗੁਰਦਾਸਪੁਰ ਜਾਂ ਬਾਗਬਾਨੀ ਵਿਭਾਗ, ਪੰਜਾਬ ਦੇ ਹੁਸ਼ਿਆਰਪੁਰ ਅਤੇ ਬਾਦਲ ਸਥਿਤ ਸਿਟਰਸ ਅਸਟੇਟਾਂ ਤੋਂ ਪਰਖ ਕਰਵਾਏ ਜਾ ਸਕਦਾ ਹੈ । ਪੱਤਿਆਂ ਦੀ ਪਰਖ ਤੋਂ ਇਲਾਵਾ ਬਾਗ ਦੀ ਮਿੱਟੀ ਪਰਖ ਦੇ ਆਧਾਰ ਤੇ ਵੱਖ ਵੱਖ ਤੱਤਾਂ ਦੀ ਵਰਤੋਂ ਦੀ ਬਾਗ ਦੀ ਮਿੱਟੀ ਦੇ ਸੈਂਪਲ ਨੂੰ ਨਿਯਮਿਤ ਤੌਰ ਤੇ 2-3 ਸਾਲ ਬਾਅਦ ਜਾਂ ਚਕਰਾਉਂਦੇ ਰਹਿਣਾ ਚਾਹੀਦਾ ਹੈ ਤਾਂ ਕਿ ਵੱਖ ਵੱਖ ਤੱਤਾਂ ਦੀ ਘਾਟ ਦਾ ਪਹਿਲਾਂ ਹੀ ਪਤਾ ਲਗਾਇਆ ਜਾ ਸਕੇ ਅਤੇ ਮਿੱਟੀ ਪਰਖ ਰਿਪੋਰਟ ਅਨੁਸਾਰ ਲੋੜੀਂਦੀ ਖਾਦ ਦੀ ਵਰਤੋਂ ਕੀਤੀ ਜਾ ਸਕੇ ।

★ ਮਿੱਟੀ ਪਰਖ ਲਈ ਨਮੂਨੇ ਹਰ ਤਹਿ ਵਿੱਚੋਂ 500 ਗ੍ਰਾਮ ਮਿੱਟੀ ਦਾ ਨਮੂਨਾ ਲਉ ਜਿਵੇਂ ਕਿ ਉਪਰਲੀ 15 ਸੈਂਟੀਮੀਟਰ ਦੀ ਤਹਿ, 15 ਤੋਂ 30 ਸੈਂਟੀਮੀਟਰ ਦੀ ਤਹਿ, 30 ਤੋਂ 60 ਸੈਂਟੀਮੀਟਰ ਦੀ ਤਹਿ, 60 ਤੋਂ 90 ਸੈਂਟੀਮੀਟਰ ਦੀ ਤਹਿ, 90 ਤੋਂ 120 ਸੈਂਟੀਮੀਟਰ ਦੀ ਤਹਿ, 120 ਤੋਂ 150 ਸੈਂਟੀਮੀਟਰ ਦੀ ਤਹਿ, 150 ਤੋਂ 200 ਸੈਂਟੀਮੀਟਰ ਦੀ ਤਹਿ ।

★ ਮਿੱਟੀ ਦਾ ਨਮੂਨਾ ਲੋਹੇ ਦੀ ਵਰਮੀ ਨਾਲ ਜਾਂ ਟੋਆ ਪੁੱਟ ਕੇ ਲਵੋ ।

★ ਜੇਕਰ ਕੋਈ ਸਖਤ ਜਾਂ ਪਥਰੀਲੀ ਤਹਿ ਆ ਜਾਵੇ ਤਾਂ ਉਸਦੀ ਮੋਟਾਈ ਤੇ ਡੂੰਘਾਈ ਲਿਖ ਲਉ ਅਤੇ ਉਸਦਾ ਵੱਖਰਾ ਨਮੂਨਾ ਲਉ ।

★ ਮਿੱਟੀ ਦੇ ਨਮੂਨੇ ਉੱਤੇ ਤਹਿ ਦੀ ਡੂੰਘਾਈ ਲਿਖ ਲਉ ਅਤੇ ਹਰ ਨਮੂਨੇ ਨੂੰ ਵੱਖਰੇ ਕੱਪੜੇ ਦੀ ਸਾਫ ਥੈਲੀ ਵਿੱਚ ਬੰਨ੍ਹ ਲਵੋ ਤਾਂ ਕਿ ਨਮੂਨੇ ਇਕ ਦੂਜੇ ਵਿੱਚ ਨਾ ਮਿਲ ਜਾਣ ।

★ ਮਿੱਟੀ ਦਾ ਨਮੂਨੇ ਦੀ ਜਾਂਚ ਨੇੜੇ ਦੀ ਕਿਸੇ ਮਿੱਟੀ ਪਰਖ ਪ੍ਰਯੋਗਸ਼ਾਲਾ ਵਿੱਚੋਂ ਕਰਵਾਓ ।

**ਤੱਤਾਂ ਦੀ ਘਾਟ ਦੀਆਂ ਨਿਸ਼ਾਨੀਆਂ**

**ਨਾਈਟ੍ਰੋਜਨ** : ਨਾਈਟ੍ਰੋਜਨ ਦੀ ਘਾਟ ਨਾਲ ਲੀਚੀ ਦੇ ਪੱਤੇ ਪੀਲੇ ਪੈਂਦੇ ਹਨ ਅਤੇ ਹੇਠਲੇ ਪੱਤੇ ਸੁੱਕਣਾ ਸ਼ੁਰੂ ਹੋ ਜਾਂਦੇ ਹਨ । ਇਸ ਦੀ ਘਾਟ ਨਾਲ ਪੌਦੇ ਦਾ ਵਾਧਾ ਰੁੱਕ ਜਾਂਦਾ ਹੈ। ਟਾਹਣੀਆਂ ਕਮਜ਼ੋਰ, ਪੱਤੇ ਛੋਟੇ, ਸਿੱਧੇ ਅਤੇ ਬੇਰੰਗੇ ਹਲਕੇ ਹਰੇ ਨਜ਼ਰ ਆਉਂਦੇ ਹਨ । ਪੁਰਾਣੇ ਪੱਤੇ ਕਿਨਾਰਿਆਂ ਤੋਂ ਘੁੰਮਾਉਦਾਰ ਦਿਸਣ ਲੱਗਦੇ ਹਨ। ਫਲ ਘੱਟ ਲੱਗਦਾ ਹੈ ਅਤੇ ਪੱਤੇ ਸਾਰਾ ਸਾਲ ਝੜਦੇ ਰਹਿੰਦੇ ਹਨ । ਆਮ ਤੌਰ ਤੇ ਨਾਈਟ੍ਰੋਜਨ ਦੀ ਘਾਟ ਨਾਲ ਨਵੇਂ ਪੱਤੇ ਪੂਰਾ ਵਾਧਾ ਨਹੀਂ ਲੈਂਦੇ ਅਤੇ ਨਵੀਆਂ ਟਾਹਣੀਆਂ ਅਤੇ ਕਰੂੰਬਲਾਂ ਬਿਨਾਂ ਪੱਤਿਆਂ ਦੇ ਨਜ਼ਰ ਆਉਣ ਲਗਦੀਆਂ ਹਨ । ਇਸ ਨਾਲ ਜੜ੍ਹਾ ਦਾ ਵਾਧਾ ਵੀ ਪ੍ਰਭਾਵਿਤ ਹੁੰਦਾ ਹੈ ।

**ਫਾਸਫੋਰਸ** : ਫਾਸਫੋਰਸ ਦੀ ਘਾਟ ਨਾਲ ਬੂਟੇ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਪੱਤੇ ਵੀ ਛੋਟੇ ਰਹਿੰਦੇ ਹਨ । ਪੱਤਿਆਂ ਵਾਲੀਆਂ ਕੋਪਲਾਂ ਵੱਡੀਆਂ, ਡੂੰਘੀਆਂ ਹਰੀਆਂ ਰਹਿੰਦੀਆਂ ਹਨ ਅਤੇ ਕਈ ਵਾਰ ਪੱਤੇ ਭੂਰੇ ਤੇ ਬੇਰੰਗੀ ਭਾਅ ਮਾਰਦੇ ਹਨ। ਜਿਸ ਵਿਚ ਪੱਤਿਆਂ ਦੀਆਂ ਨਾੜੀਆਂ ਵਿਚਲਾ ਖੇਤਰ ਸੁੱਕ ਜਾਂਦਾ ਹੈ। ਪੱਤਿਆਂ ਦਾ ਹਲਕਾ ਜਿਹਾ ਝੜਨਾ ਵੀ ਦਿਖਾਈ ਦਿੰਦਾ ਹੈ । ਫਾਸਫੋਰਸ ਦੀ ਘਾਟ ਨਾਲ ਫੁੱਲ ਪੈਣ, ਫੁੱਲ ਬਣਨ ਅਤੇ ਜੜ੍ਹਾਂ ਦੇ ਵਾਧੇ ਤੇ ਕੋਈ ਖਾਸ ਅਸਰ ਦੇਖਣ ਨੂੰ ਨਹੀਂ ਮਿਲਦਾ ।

**ਪੋਟਾਸ਼ੀਅਮ** : ਪੋਟਾਸ਼ ਦੀ ਘਾਟ ਨਾਲ ਲੀਚੀ ਦੇ ਬੂਟੇ ਛੋਟੇ ਰਹਿ ਜਾਂਦੇ ਹਨ । ਫਲ ਵੀ ਘੱਟ ਲੱਗਦਾ ਹੈ । ਪੱਤਿਆਂ ਦੇ ਸਿਰੇ ਪੀਲੇ ਪੈਣ ਤੋਂ ਬਾਅਦ ਸੁੱਕ ਜਾਂਦੇ ਹਨ ਜੋ ਹੌਲੀ ਹੌਲੀ ਵੱਧਦੇ ਹਨ ਅਤੇ ਪੂਰਾ ਪੱਤਾ ਹੀ ਪੀਲਾ ਪੈ ਕੇ ਝੜ ਜਾਂਦਾ ਹੈ । ਇਹ ਵੀ ਦੇਖਿਆ ਗਿਆ ਹੈ ਕਿ ਪੋਟਾਸ਼ ਦੀ ਘਾਟ ਨਾਲ ਲੀਚੀ ਦੇ ਫਲ ਵੀ ਫੱਟ ਜਾਂਦੇ ਹਨ ਅਤੇ ਬੀਮਾਰੀਆਂ ਵੀ ਵੱਧ ਲੱਗਦੀਆਂ ਹਨ ।

**ਖਾਦ ਦੀ ਜਰੂਰੀ ਮਿਕਦਾਰ** : ਲੀਚੀ ਵਿੱਚ ਖਾਦਾਂ ਦੀ ਮਾਤਰਾ ਬੂਟੇ ਦੀ ਉਮਰ ਅਨੁਸਾਰ ਪਾਈ ਜਾਂਦੀ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ ।

| ਬੂਟੇ ਦੀ ਉਮਰ (ਸਾਲ) | ਯੂਰੀਆ ਦੀ ਮਾਤਰਾ (ਗ੍ਰਾਮ/ਬੂਟਾ) | ਸੁਪਰਫਾਸਫੇਟ ਦੀ ਮਾਤਰਾ (ਗ੍ਰਾਮ/ਬੂਟਾ) | ਮਿਊਰੇਟ ਆਫ ਪੋਟਾਸ਼ (ਗ੍ਰਾਮ/ਬੂਟਾ) | ਦੇਸੀ ਰੂੜੀ ਖਾਦ (ਕਿ.ਗ੍ਰਾ. ਪ੍ਰਤੀ ਬੂਟਾ) |
|---|---|---|---|---|
| 1-3 | 150-500 | 200-600 | 60-150 | 10-20 |
| 4-6 | 500-1000 | 750-1250 | 200-300 | 25-40 |
| 7-10 | 1500-1500 | 1500-2000 | 300-500 | 40-50 |
| 10 ਤੋਂ ਵੱਧ | 1600 | 2250 | 600 | 60 |

**ਖਾਦ ਪਾਉਣ ਦਾ ਸਮਾਂ** : ਲੀਚੀ ਵਿੱਚ ਖਾਦ ਪਾਉਣਾ ਬੂਟਾ ਲਗਾਉਣ ਦੇ ਨਾਲ ਹੀ ਵਿਉਂਤਬੱਧ ਤਰੀਕੇ ਨਾਲ ਸ਼ੁਰੂ ਕਰਨਾ ਪੈਂਦਾ ਹੈ । ਪਹਿਲਾ ਤਿੰਨ ਸਾਲ ਬੂਟੇ ਨੂੰ ਖਾਦ ਦੀ ਬਹੁਤ ਘੱਟ ਲੋੜ ਪੈਂਦੀ ਹੈ । ਬੂਟੇ ਲਾਉਣ ਤੋਂ ਬਾਅਦ ਸ਼ੁਰੂ ਵਿੱਚ ਸਾਡਾ ਟੀਚਾ ਹੋਣਾ ਚਾਹੀਦਾ ਹੈ ਕਿ ਬੂਟੇ ਵਿੱਚ ਵੱਧ ਤੋਂ ਵੱਧ ਵਾਧਾ ਹੋ ਸਕੇ । ਆਮ ਤੌਰ ਤੇ ਨਵੇਂ ਲਗਾਏ ਬੂਟਿਆਂ ਨੂੰ ਖਾਦ ਦੀ ਲੋੜ ਘੱਟ ਹੁੰਦੀ ਹੈ । ਮਾੜੀਆਂ ਅਤੇ ਕਮਜ਼ੋਰ ਜ਼ਮੀਨਾਂ ਵਿੱਚ ਸਾਨੂੰ ਰੂੜੀ ਖਾਦ ਦੀ ਵਰਤੋਂ ਵੱਧ ਕਰਨੀ ਚਾਹੀਦੀ ਹੈ ਕਿਉਕਿ ਰੂੜੀ ਖਾਦ ਨਾ ਸਿਰਫ ਬੂਟੇ ਨੂੰ ਲੋੜੀਂਦੇ ਤੱਤ ਮੁਹੱਈਆ ਕਰਾਉਂਦੀ ਹੈ ਸਗੋਂ ਭੂਮੀ ਦੀ ਸਿਹਤ ਵਿੱਚ ਸੁਧਾਰ ਵੀ ਕਰਦੀ ਹੈ ਅਤੇ ਨਾਲ ਹੀ ਜ਼ਰੂਰੀ ਤੱਤਾਂ ਅਤੇ ਪਾਣੀ ਨੂੰ ਸੰਭਾਲਣ ਵਿੱਚ ਵੀ ਮਦਦ ਕਰਦੀ ਹੈ । ਅੱਧੀ ਨਾਈਟ੍ਰੋਜਨ ਅੱਧ ਫਰਵਰੀ ਵਿੱਚ ਅਤੇ ਬਾਕੀ ਦੀ ਅੱਧ ਅਪ੍ਰੈਲ ਵਿੱਚ ਫਲ ਲੱਗਣ ਪਿੱਛੋਂ ਦੇਣੀ ਚਾਹੀਦੀ ਹੈ । ਸਾਰੀ ਫਾਸਫੋਰਸ਼ ਅਤੇ ਪੋਟਾਸ਼ ਦਸੰਬਰ ਮਹੀਨੇ ਵਿੱਚ ਪਾਉਣੀ ਚਾਹੀਦੀ ਹੈ ।

**ਖਾਦ ਪਾਉਣ ਦਾ ਢੰਗ** : ਲੀਚੀ ਦੀਆਂ ਜੜ੍ਹਾਂ ਜ਼ਿਆਦਾ ਡੂੰਘੀਆਂ ਨਹੀਂ ਹੁੰਦੀਆਂ ਇਸ ਲਈ ਖਾਦਾਂ ਨੂੰ ਬੂਟੇ ਦੇ ਬਾਹਰੀ ਘੇਰੇ ਦੇ ਇੱਕ ਮੀਟਰ ਅੰਦਰ ਵਾਲੇ ਪਾਸੇ ਇੱਕ ਫੁੱਟ ਚੌੜਾਈ ਨਾਲ ਬੂਟੇ ਦੇ ਆਲੇ ਦੁਆਲੇ ਪਾ ਕੇ ਮਿੱਟੀ ਵਿਚ ਮਿਲਾਉਣਾ ਚਾਹੀਦਾ ਹੈ । ਖਾਦਾਂ ਨੂੰ ਬੂਟੇ ਦੇ ਤਣੇ ਕੋਲ ਨਹੀਂ ਪਾਉਣਾ ਚਾਹੀਦਾ ਇਸ ਨਾਲ ਬੂਟੇ ਨੂੰ ਨੁਕਸਾਨ ਪਹੁੰਚ ਸਕਦਾ ਹੈ । ਖਾਦ ਪਾਉਣ ਤੋਂ ਬਾਅਦ ਜੇਕਰ ਖੇਤ ਵਿਚ ਨਮੀਂ ਘੱਟ ਹੋਵੇ ਤਾਂ ਹਲਕਾ ਪਾਣੀ ਦਿੱਤਾ ਜਾ ਸਕਦਾ ਹੈ ।




ਚਿੱਤਰ 2 : ਨਾਈਟ੍ਰੋਜਨ ਦੀ ਘਾਟ ਦੀਆਂ ਨਿਸ਼ਾਨੀਆਂ (ਸੱਜੇ ਪਾਸੇ ਵਾਲੇ ਬੂਟਾ)

# ਪੰਜਾਬ ਨੇ ਕੌਮਾਂਤਰੀ ਪ੍ਰਵਾਸ ਵਿਚੋਂ ਕੀ ਖੱਟਿਆ-ਕੀ ਗੁਆਇਆ?

ਡਾ. ਗਿਆਨ ਸਿੰਘ,
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ । (ਮੋ. 99156-82196)

ਲੜੀ ਜੋੜਨ ਲਈ 24-02-2024 ਦਾ ਅੰਕ ਪੜ੍ਹੋ ।

ਉਮਰ ਅਤੇ ਪ੍ਰਵਾਸ ਵਿਚ ਗੂੜ੍ਹਾ ਸੰਬੰਧ ਹੈ, ਕਿਉਂਕਿ ਪ੍ਰਵਾਸ ਕਰਨ ਦਾ ਫੈਸਲਾ ਮੁੱਖ ਤੌਰ ਉੱਤੇ ਨੌਜਵਾਨ ਅਤੇ ਪਰਿਪੱਕ ਉਮਰ ਦੇ ਵਿਅਕਤੀਆਂ ਦੁਆਰਾ ਲਿਆ ਜਾਂਦਾ ਹੈ । ਇਹ ਮੂਲ ਰੂਪ ਵਿਚ ਇਸ ਲਈ ਹੈ, ਕਿਉਂਕਿ ਪ੍ਰਵਾਸ ਇਕ ਜੋਖਮ ਭਰਿਆ ਕਦਮ ਹੈ, ਜਿਸ ਵਿਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਇਹ ਕਈਆਂ ਨੂੰ ਚੰਗੇ ਅਵਸਰ ਵੀ ਪ੍ਰਦਾਨ ਕਰਦਾ ਹੈ । ਪੰਜਾਬ ਦੇ ਬਹੁਤ ਜ਼ਿਆਦਾ ਨੌਜਵਾਨ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਪ੍ਰਵਾਸ ਦੀ ਪ੍ਰਕਿਰਿਆ ਦੁਆਰਾ ਮੁਹੱਈਆ ਕਰਵਾਏ ਜਾਣ ਵਾਲੇ ਅਵਸਰਾਂ ਦਾ ਲਾਭ ਲੈਣ ਲਈ ਵਿਦੇਸ਼ਾਂ ਨੂੰ ਜਾਣ ਲਈ ਕਾਹਲੇ ਪਏ ਹੋਏ ਹਨ । ਪ੍ਰਵਾਸ ਕਰਨ ਵੇਲੇ ਬਹੁ-ਗਿਣਤੀ ਵਿਅਕਤੀ ਜਿਵੇਂ ਮਾਝੇ ਵਿਚ 87.85 ਫੀਸਦੀ, ਮਾਲਵੇ ਵਿਚ 85.25 ਫੀਸਦੀ ਅਤੇ ਦੁਆਬੇ ਵਿਚ 81.53 ਫੀਸਦੀ 15 ਤੋਂ 30 ਸਾਲ ਦੀ ਉਮਰ ਸਮੂਹ ਨਾਲ ਸੰਬੰਧਿਤ ਸਨ । ਜਨਸੰਖਿਅਕ ਲਾਭਅੰਸ਼ ਆਰਥਿਕ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ । ਫੀਲਡ ਸਰਵੇਖਣ ਦਾ ਇਹ ਨਤੀਜਾ ਇਸ ਧਾਰਨਾ ਪੀ ਪ੍ਰੋੜ੍ਹਤਾ ਕਰਦਾ ਹੈ ਕਿ ਆਮ ਤੌਰ ਉੱਤੇ ਪ੍ਰਵਾਸ ਅਤੇ ਖਾਸ ਤੌਰ ਉੱਤੇ ਕੌਮਾਂਤਰੀ ਪ੍ਰਵਾਸ ਇਕ ਨੌਜਵਾਨ-ਕੇਂਦਰਿਤ ਵਰਤਾਰਾ ਹੈ । 15 ਤੋਂ 30 ਸਾਲ ਦੀ ਉਮਰ ਸਮੂਹ ਦੇ ਵਿਅਕਤੀਆਂ ਦਾ ਵਿਦੇਸ਼ਾਂ ਵਲ ਪ੍ਰਵਾਸ ਪੰਜਾਬ ਸਮੇਤ ਭਾਰਤ ਨੂੰ ਜਨਸੰਖਿਅਕ ਲਾਭਅੰਸ਼ ਦੇ ਹੋ ਰਹੇ ਬਹੁਤ ਵੱਡੇ ਨੁਕਸਾਨ ਨੂੰ ਚਿੱਟੇ ਦਿਨ ਵਾਂਗ ਸਾਹਮਣੇ ਲਿਆਉਂਦਾ ਹੈ ।

ਕੌਮਾਂਤਰੀ ਪ੍ਰਵਾਸੀਆਂ ਦੇ ਪਰਿਵਾਰਾਂ ਦੀਆਂ ਜ਼ਮੀਨਾਂ ਦੇ ਵੇਰਵੇ ਦੱਸਦੇ ਹਨ ਕਿ ਮਾਝੇ ਦੇ ਕੁੱਲ ਪ੍ਰਵਾਸੀ ਪਰਿਵਾਰਾਂ ਵਿਚੋਂ ਇਕ-ਤਿਹਾਈ ਤੋਂ ਥੋੜ੍ਹਾ ਵੱਧ (33.43 ਫੀਸਦੀ) ਪਰਿਵਾਰ ਭੂਮੀਹੀਣ ਸਨ । ਤਕਰੀਬਨ 30 ਫੀਸਦੀ ਪਰਿਵਾਰਾਂ ਕੋਲ 2.5 ਏਕੜ ਤੱਕ ਜ਼ਮੀਨ ਸੀ । ਇਸ ਤੋਂ ਬਾਅਦ 26.8, 3.59, 3.31 ਅਤੇ 2.48 ਫੀਸਦੀ ਪ਼ਰਿਵਾਰਾਂ ਦਾ ਨੰਬਰ ਆਉਂਦਾ ਹੈ, ਜਿਨ੍ਹਾਂ ਕੋਲ ਕ੍ਰਮਵਾਰ 2.51 ਤੋਂ 5 ਏਕੜ, 7.51 ਤੋਂ 10 ਏਕੜ, ਅਤੇ 10 ਏਕੜ, ਤੋਂ ਵੱਧ ਜ਼ਮੀਨ ਸੀ । ਦੁਆਬੇ ਦੇ ਕੁੱਲ ਪਰਿਵਾਰਾਂ ਵਿਚੋਂ ਸਭ ਤੋਂ ਵੱਧ ਪਰਿਵਾਰਾਂ (32.16 ਫੀਸਦੀ) ਕੋਲ 2.51 ਤੋਂ 5 ਏਕੜ ਤੱਕ ਜ਼ਮੀਨ ਸੀ । ਲਗਭਗ 18 ਫੀਸਦੀ ਪਰਿਵਾਰਾਂ ਕੋਲ 2.5 ਏਕੜ ਤੱਕ ਜ਼ਮੀਨ ਸੀ । ਇਸ ਤੋਂ ਬਾਅਦ 9.48, 7.72 ਅਤੇ 5.57 ਫੀਸਦੀ ਪ੍ਰਵਾਸੀਆਂ ਦੇ ਪਰਿਵਾਰਾਂ ਕੋਲ ਕ੍ਰਮਵਾਰ 5.01 ਤੋਂ 7.5 ਏਕੜ, 7.51 ਤੋਂ 10 ਏਕੜ ਅਤੇ 10 ਏਕੜ ਤੋਂ ਵੱਧ ਜ਼ਮੀਨ ਸੀ । ਕੁੱਲ ਪਰਿਵਾਰਾਂ ਵਿਚੋਂ 26.3 ਫੀਸਦੀ ਪ੍ਰਵਾਸੀਆਂ ਦੇ ਪਰਿਵਾਰਾਂ ਕੋਲ ਖੇਤੀਬਾੜੀ ਲਈ ਕੋਈ ਜ਼ਮੀਨ ਨਹੀਂ ਸੀ । ਇਸੇ ਤਰ੍ਹਾਂ ਮਾਲਵੇ ਦੇ ਕੁੱਲ ਪਰਿਵਾਰਾਂ ਵਿਚੋਂ ਸਭ ਤੋਂ ਵੱਧ ਪਰਿਵਾਰਾਂ (26.87 ਫੀਸਦੀ) ਕੋਲ 2.51 ਤੋਂ 5 ਏਕੜ ਤੱਕ ਜ਼ਮੀਨ ਸੀ । ਇਸ ਤੋਂ ਬਾਅਦ 18.25, 15.25, 14.26 ਅਤੇ 10.05 ਫੀਸਦੀ ਪ੍ਰਵਾਸੀਆਂ ਦੇ ਪਰਿਵਾਰਾਂ ਕੋਲ ਕ੍ਰਮਵਾਰ 10 ਏਕੜ ਤੋਂ ਵੱਧ, 2.5 ਏਕੜ ਤੱਕ, 5.01 ਤੋਂ 7.5 ਏਕੜ ਦੇ ਦਾਇਰੇ ਵਿਚ ਜ਼ਮੀਨਾਂ ਸਨ । ਇਸ ਖੇਤਰ ਵਿਚੋਂ ਪ੍ਰਵਾਸੀਆਂ ਦੇ ਕੁੱਲ ਪਰਿਵਾਰਾਂ ਵਿਚੋਂ 15.32 ਫੀਸਦੀ ਪਰਿਵਾਰ ਭੂਮੀਹੀਣ ਪਾਏ ਗਏ ।

ਪੰਜਾਬ ਦੇ ਤਿੰਨੋ ਭੂਗੋਲਿਕ ਖੇਤਰਾਂ ਵਿਚ ਮੰਜ਼ਿਲ ਵਾਲੇ ਦੇਸ਼ਾਂ ਦੀ ਸੂਚੀ ਬਹੁਤ ਲੰਮੀ ਹੈ । ਮਾਝੇ ਵਿਚ ਕੌਮਾਂਤਰੀ ਪ੍ਰਵਾਸੀਆਂ ਦੁਆਰਾ ਸਭ ਤੋਂ ਵੱਧ ਤਰਜੀਹ ਵਾਲੇ ਦੇਸ਼-ਕੈਨੇਡਾ, ਆਸਟ੍ਰੇਲੀਆ, ਬਹਿਰੀਨ, ਕਤਰ, ਯੂ.ਕੇ., ਯੂ. ਐਸ.ਏ. ਅਤੇ ਯੂ. ਏ. ਈ. ਸਨ ਜਿੱਥੇ ਇਸ ਖੇਤਰ ਵਿਚੋਂ ਸਰਵੇਖਣ ਕੀਤੇ ਗਏ ਪਰਿਵਾਰਾਂ ਵਿਚੋਂ ਕ੍ਰਮਵਾਰ 76,67, 47,38, 36, 34 ਅਤੇ 28 ਵਿਅਕਤੀਆਂ ਨੇ ਪ੍ਰਵਾਸ ਕੀਤਾ ਦੁਆਬੇ ਵਿਚੋਂ ਜ਼ਿਆਦਾਦਰ ਪ੍ਰਵਾਸੀਆਂ ਅਰਥਾਤ 3273 ਵਿਅਕਤੀਆਂ ਨੇ ਕੈਨੇਡਾ ਨੂੰ ਮੰਜ਼ਿਲ ਵਾਲੇ ਦੇਸ਼ ਵਜੋਂ ਚੁਣਿਆ, ਜਿਸ ਤੋਂ ਬਾਅਦ 154,121,114, 90, 43, 43, 28, 27 ਅਤੇ 24 ਵਿਅਕਤੀ ਕ੍ਰਮਵਾਰ ਯੂ. ਏ. ਈ., ਯੂ.ਕੇ., ਯੂ. ਐਸ.ਏ., ਇਟਲੀ, ਆਸਟ੍ਰੇਲੀਆ, ਨਿਊਜ਼ੀਲੈਂਡ, ਕੁਵੈਤ, ਜਰਮਨੀ ਅਤੇ ਸਪੇਨ ਗਏ । ਇਸੇ ਤਰ੍ਹਾਂ ਮਾਲਵੇ ਵਿਚੋਂ ਕੌਮਾਂਤਰੀ ਪ੍ਰਵਾਸ ਵਿਚੋਂ ਕੌਮਾਂਤਰੀ ਪ੍ਰਵਾਸੀਆਂ ਲਈ ਪਸੰਦੀਦਾ ਦੇਸ਼-ਕੈਨੇਡਾ, ਆਸਟ੍ਰੇਲੀਆ, ਯੂ. ਏ. ਈ., ਯੂ.ਕੇ., ਯੂ. ਐਸ.ਏ., ਇਟਲੀ, ਨਿਊਜ਼ੀਲੈਂਡ, ਮਲੇਸ਼ੀਆ ਅਤੇ ਫਿਲੀਪੀਨਜ਼ ਸਨ, ਜਿੱਥੇ ਕ੍ਰਮਵਾਰ 719, 171, 108, 72, 67, 40, 37, 34 ਅਤੇ 33 ਵਿਅਕਤੀਆਂ ਨੇ ਪ੍ਰਵਾਸ ਕੀਤਾ ।

ਮਾਝੇ ਦੇ ਕੁੱਲ 362 ਪ੍ਰਵਾਸੀਆਂ ਵਿਚੋਂ 43.37 ਫੀਸਦੀ ਨੇ 2019, 18.23 ਫੀਸਦੀ ਨੇ 2018, 14.09 ਨੇ 2021, 10.21 ਫੀਸਦੀ ਨੇ 2016, 6.91 ਫੀਸਦੀ ਨੇ 2020 ਅਤੇ 5 ਫੀਸਦੀ ਤੋਂ ਘੱਟ ਵਿਅਕਤੀਆਂ ਨੇ ਹੋਰ ਸਾਲਾਂ ਵਿਚ ਬਾਹਰਲੇ ਦੇਸ਼ਾਂ ਨੂੰ ਪ੍ਰਵਾਸ ਕੀਤਾ, ਜਦੋਂ ਕਿ ਦੁਆਬੇ ਦੇ ਕੁੱਲ 1023 ਪ੍ਰਵਾਸੀਆਂ ਵਿਚੋਂ 13 ਫੀਸਦੀ ਵਿਅਕਤੀਆਂ ਨੇ 2018 ਵਿਚ ਬਾਹਰਲੇ ਦੇਸ਼ਾਂ ਨੂੰ ਪ੍ਰਵਾਸ ਕੀਤਾ । ਇਸ ਤੋਂ ਬਾਅਦ 9.97 ਫੀਸਦੀ ਨੇ ਹਰੇਕ ਸਾਲ 2019 ਅਤੇ 2017, 9.78 ਫੀਸਦੀ ਨੇ 2021, 8.9 ਫੀਸਦੀ ਨੇ 2015, 7.14 ਫੀਸਦੀ ਨੇ 2010, 6.45 ਫੀਸਦੀ ਨੇ 2016, 5.77 ਫੀਸਦੀ ਨੇ 2012 ਅਤੇ 5 ਫੀਸਦੀ ਤੋਂ ਘੱਟ ਵਿਅਕਤੀਆਂ ਤੋਂ ਹੋਰ ਸਾਲਾਂ ਵਿਚ ਬਾਹਰਲੇ ਦੇਸ਼ਾਂ ਨੂੰ ਪ੍ਰਵਾਸ ਕੀਤਾ । ਇਸੇ ਤਰ੍ਹਾਂ ਮਾਲਵੇ ਦੇ ਕੁੱਲ 1403 ਪ੍ਰਵਾਸੀਆਂ ਵਿਚੋਂ 15.97 ਫੀਸਦੀ ਨੇ 2021, 14.54 ਫੀਸਦੀ ਨੇ 2020, 6.49 ਫੀਸਦੀ ਨੇ 2016 ਅਤੇ 5 ਫੀਸਦੀ ਤੋਂ ਘੱਟ ਵਿਅਕਤੀਆਂ ਨੇ ਹੋਰ ਸਾਲਾਂ ਵਿਚ ਬਾਹਰਲੇ ਦੇਸ਼ਾਂ ਨੂੰ ਪ੍ਰਵਾਸ ਕੀਤਾ । ਇਹ ਅੰਕੜੇ ਸਪੱਸ਼ਟ ਕਰਦੇਹਨ ਕਿ ਪੇਂਡੂ ਪੰਜਾਬ ਵਿਚੋਂ ਕੌਮਾਂਤਰੀ ਪ੍ਰਵਾਸ ਦੀ ਪ੍ਰਕਿਰਿਆ ਵਿਚ 2014 ਤੋਂ




ਬਾਅਦ ਤੇਜ਼ੀ ਆਈ । 2020 ਦੌਰਾਨ ਕੋਰੋਨਾ ਵਾਇਰਸ ਦੇ ਫੈਲਣ ਨੂੰ ਰੋਕਣ ਲਈ ਵੱਖ ਵੱਖ ਦੇਸ਼ਾਂ ਦੁਆਰਾ ਤਾਲਾਬੰਦੀ ਕੀਤੀ ਗਈ ਜਿਸ ਨੇ ਪੇਂਡੂ ਪੰਜਾਬ ਤੋਂ ਕੌਮਾਂਤਰੀ ਪ੍ਰਵਾਸ ਦੀ ਪ੍ਰਕ੍ਰਿਆ ਨੂੰ ਹੌਲੀ ਕੀਤਾ, ਜੋ ਮੁੜ ਤੇਜ਼ੀ ਫੜ ਰਹੀ ਹੈ ।

ਮੌਜੂਦਾ ਅਧਿਐਨ ਦੇ ਸਾਕਾਰਾਤਮਿਕ ਪਹਿਲੂਆਂ ਵਿਚੋਂ ਇਕ ਇਹ ਹੈ ਕਿ ਪੰਜਾਬ ਦੇ ਤਿੰਨੋ ਭੂਗੋਲਿਕ ਖੇਤਰਾਂ ਵਿਚੋਂ ਜ਼ਿਆਦਾਤਰ ਮਾਮਲਿਆਂ ਵਿਚੋਂ ਕੌਮਾਂਤਰੀ ਪ੍ਰਵਾਸ ਕਾਨੂੰਨੀ ਢੰਗ ਨਾਲ ਹੋਇਆ । ਮਾਝੇ ਦੇ ਕੁੱਲ 362 ਪ੍ਰਵਾਸੀਆਂ ਨੇ ਕਾਨੂੰਨੀ ਢੰਗ ਨਾਲ ਵਿਦੇਸ਼ਾਂ ਨੂੰ ਪ੍ਰਵਾਸ ਕੀਤਾ । ਦੁਆਬੇ ਦੇ ਕੁੱਲ 1023 ਪ੍ਰਵਾਸੀਆਂ ਵਿਚੋਂ 991 ਕਾਨੂੰਨੀ ਢੰਗ ਅਤੇ ਬਾਕੀ ਦੇ 32 ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ਾਂ ਵਿਚ ਗਏ । ਇਸ ਖੇਤਰ ਦੇ ਪ੍ਰਵਾਸੀਆਂ ਦੀ ਕਾਨੂੰਨੀ ਅਤੇ ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ਾਂ ਵਿਚ ਜਾਣ ਦੀ ਫੀਸਦੀ ਕ੍ਰਮਵਾਰ 96.87 ਅਤੇ 3.13 ਬਣਦੀ ਹੈ । ਮਾਲਵੇ ਦੇ ਕੁੱਲ 1403 ਪ੍ਰਵਾਸੀਆਂ ਵਿਚੋਂ 1394 (99.36 ਫੀਸਦੀ) ਨੇ ਵਿਦੇਸ਼ਾਂ ਨੂੰ ਪ੍ਰਵਾਸ ਕਰਨ ਲਈ ਨਾਲ ਕਾਨੂੰਨੀ ਢੰਗ ਅਤੇ ਬਾਕੀ ਦੇ ਸਿਰਫ 9 (0.64 ਫੀਸਦੀ) ਨੇ ਗੈਰ ਕਾਨੂੰਨੀ ਢੰਗ ਅਪਣਾਇਆ । ਫੀਲਡ ਸਰਵੇਖਣ ਤੋਂ ਇਹ ਤੱਥ ਵੀ ਸਾਹਮਣੇ ਆਇਆ ਕਿ ਜਿੱਥੇ ਭਾਰਤੀ ਟਰੈਵਲ ਏਜੰਟਾਂ ਜਾਂ ਬਾਹਰਲੇ ਦੇਸ਼ਾਂ ਵਿਚ ਰਹਿੰਦੇ ਰੁਜ਼ਗਾਰਦਾਤਾਵਾਂ ਨੇ ਪ੍ਰਵਾਸੀਆਂ ਨੂੰ ਗੈਰ-ਕਾਨੂੰਨੀ ਤੌਰ 'ਤੇ ਬਾਹਰ ਜਾਣ ਵਾਲੇ ਪਾਸੇ ਪਾਇਆ, ਉੱਥੇ ਅਜਿਹੇ ਪ੍ਰਵਾਸੀਆਂ ਨੂੰ ਗੰਭੀਰ ਸ਼ੋਸ਼ਣ ਦਾ ਸ਼ਿਕਾਰ ਵੀ ਹੋਣਾ ਪਿਆ ਅਤੇ ਇਸ ਸੰਬੰਧ ਵਿਚ ਜ਼ਿਆਦਾਤਰ ਐਨ.ਆਰ.ਆਈ. ਰੁਜ਼ਗਾਰਦਾਤਾਵਾਂ ਨੇ ਪ੍ਰਵਾਸੀਆਂ ਦਾ ਅਮਰਵੇਲ ਵਾਂਗ ਨਪੀੜਨ ਕੀਤਾ ।

ਮਾਝੇ ਦੇ ਪੇਂਡੂ ਇਲਾਕਿਆਂ ਵਿਚੋਂ ਅੱਧੇ ਤੋਂ ਵੱਧ (58.01) ਫੀਸਦੀ ਵਿਅਕਤੀਆਂ ਨੇ ਪੜ੍ਹਾਈ ਵੀਜ਼ੇ ਉੱਤੇ ਵਿਦੇਸ਼ਾਂ ਨੂੰ ਪ੍ਰਵਾਸ ਕੀਤਾ, ਜਦੋਂ ਕਿ ਇਕ-ਤਿਹਾਈ ਤੋਂ ਥੋੜ੍ਹਾ ਵੱਧ (35.36 ਫੀਸਦੀ) ਵਿਅਕਤੀ ਵਰਕ ਵੀਜ਼ੇ ਉੱਤੇ ਵਿਦੇਸ਼ਾਂ ਵਿਚ ਗਏ । ਇਸ ਤੋਂ ਇਲਾਵਾ, 4.42 ਫੀਸਦੀ ਵਿਅਕਤੀਆਂ ਕੋਲ ਵਿਦੇਸ਼ ਜਾਣ ਲਈ ਪਰਿਵਾਰ ਜਾਂ ਖ਼ੂਨ ਨਾਲ ਸੰਬੰਧਿਤ ਕਿਸਮ ਦਾ ਵੀਜ਼ਾ ਸੀ ਅਤੇ ਸਿਰਫ 2.1 ਫੀਸਦੀ ਵਿਅਕਤੀ ਸਪਾਊਸ ਵੀਜ਼ੇ ਉੱਤੇ ਵਿਦੇਸ਼ਾਂ ਨੂੰ ਗਏ ।

ਦੁਆਬੇ ਵਿੱਚੋਂ ਸਭ ਤੋਂ ਵੱਧ (47.02 ਫੀਸਦੀ) ਵਿਅਕਤੀਆਂ ਨੇ ਵਰਕ ਵੀਜ਼ੇ ਨਾਲ ਵਿਦੇਸ਼ਾਂ ਵਿਚ ਪ੍ਰਵੇਸ਼ ਕੀਤਾ, ਜਦੋਂ ਕਿ 43 ਫੀਸਦੀ ਦੇ ਕਰੀਬ ਵਿਅਕਤੀਆਂ ਕੋਲ ਵਿਦੇਸ਼ਾਂ ਵਿਚ ਜਾਣ ਲਈ ਪੜ੍ਹਾਈ ਦਾ ਵੀਜ਼ਾ ਸੀ । ਇਸ ਤੋਂ ਇਲਾਵਾ, 5.55 ਫੀਸਦੀ ਵਿਅਕਤੀ ਵਿਜ਼ਟਰ ਵੀਜ਼ੇ ਉੱਤੇ ਅਤੇ 3.13 ਫੀਸਦੀ ਵਿਅਕਤੀ ਸਪਾਊਸ ਵੀਜ਼ੇ ਉੱਤੇ ਵਿਦੇਸ਼ਾਂ ਵਿਚ ਗਏ । ਸਿਰਫ 1.31 ਫੀਸਦੀ ਵਿਅਕਤੀਆਂ ਕੋਲ ਵਿਦੇਸ਼ ਜਾਣ ਲਈ ਪਰਿਵਾਰ ਜਾਂ ਖ਼ੂਨ ਨਾਲ ਸੰਬੰਧਿਤ ਕਿਸਮ ਦਾ ਵੀਜ਼ਾ ਸੀ । ਲਗਭਗ ਅਜਿਹਾ ਕਿ ਰੁਝਾਨ ਮਾਲਵੇ ਵਿਚ ਦੇਖਣ ਨੂੰ ਮਿਲਿਆ ਹੈ । ਇਸ ਖੇਤਰ ਵਿਚ ਬਹੁ-ਗਿਣਤੀ (60.55 ਫੀਸਦੀ) ਵਿਅਕਤੀ ਪੜ੍ਹਾਈ ਦੇ ਵੀਜ਼ੇ ਉੱਤੇ ਵਿਦੇਸ਼ਾਂ ਵਿਚ ਗਏ, ਜਦੋਂ ਇਕ-ਚੌਥਾਈ ਤੋਂ ਥੋੜ੍ਹਾ ਵੱਧ (25.97 ਫੀਸਦੀ) ਵਿਅਕਤੀਆਂ ਨੇ ਵਰਕ ਵੀਜ਼ੇ ਉੱਤੇ ਵਿਦੇਸ਼ਾਂ ਨੂੰ ਪ੍ਰਵਾਸ ਕੀਤਾ । ਇਸ ਤੋਂ ਇਲਾਵਾ, 7.53 ਫੀਸਦੀ ਪ੍ਰਵਾਸੀਆਂ ਕੋਲ ਸਪਾਊਸ ਵੀਜ਼ਾ ਸੀ ਅਤੇ 4.02 ਫੀਸਦੀ ਵਿਅਕਤੀ ਵਿਜ਼ਟਰ ਵੀਜ਼ੇ ਉੱਤੇ ਵਿਦੇਸ਼ਾਂ ਨੂੰ ਗਏ । ਸਿਰਫ 1.93 ਫੀਸਦੀ ਪ੍ਰਵਾਸੀਆਂ ਕੋਲ ਵਿਦੇਸ਼ ਜਾਣ ਲਈ ਪਰਿਵਾਰ ਜਾਂ ਖ਼ੂਨ ਨਾਲ ਸੰਬੰਧਿਤ ਵੀਜ਼ਾ ਸੀ । ਕੌਮਾਂਤਰੀ ਪ੍ਰਵਾਸ ਨੂੰ ਪ੍ਰਭਾਵਿਤ ਕਰਨ ਵਾਲੇ ਬਹੁਤ ਸਾਰੇ ਕਾਰਕ ਹੁੰਦੇ ਹਨ, ਕਿਉਂਕਿ ਪ੍ਰਵਾਸ ਕਰਨ ਦਾ ਫੈਸਲਾ ਕਦੇ ਵੀ ਸਿਰਫ ਇਕ ਕਾਰਨ ਦੁਆਰਾ ਹੀ ਪ੍ਰਭਾਵਿਤ ਨਹੀਂ ਹੁੰਦਾ । ਦੁਆਬੇ ਦੇ 9.14, ਮਾਲਵੇ ਦੇ 85.03 ਅਤੇ ਮਾਝੇ ਦੇ 27.9 ਫੀਸਦੀ ਪ੍ਰਵਾਸੀਆਂ ਦੇ ਸੰਬੰਧ ਵਿਚ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦੇ ਬੱਚਿਆਂ/ਮੈਂਬਰਾਂ ਦੇ ਪ੍ਰਵਾਸ ਦਾ ਮੁੱਖ ਕਾਰਨ ਬੇਰੁਜ਼ਗਾਰੀ ਹੈ । ਮਾਝੇ 32.6, ਮਾਲਵੇ ਦੇ 19.67 ਅਤੇ ਦੁਆਬੇ ਦੇ 18.77 ਫੀਸਦੀ ਵਿਅਕਤੀ ਆਪਣੇ ਹਾਣੀਆਂ ਦੇ ਦਬਾਅ ਨੂੰ ਮਹਿਸੂਸ ਕਰਦੇ ਹੋਏ ਵਿਦੇਸ਼ਾਂ ਨੂੰ ਗਏ । ਪੰਜਾਬ ਵਿਚ ਫੈਲੇ ਨਸ਼ਿਆਂ ਦੇ ਜਾਲ ਤੋਂ ਬਚਣ ਲਈ ਮਾਝੇ ਦੇ 24.59, ਮਾਲਵੇ ਦੇ 14.47 ਅਤੇ ਦੁਆਬੇ ਦੇ 4.5 ਫੀਸਦੀ ਵਿਅਕਤੀਆਂ ਨੇ ਵਿਦੇਸ਼ਾਂ ਨੂੰ ਪ੍ਰਵਾਸ ਕੀਤਾ ।

ਸੂਬੇ ਦੀਆਂ ਵਿਗੜੀਆਂ ਹੋਈਆਂ ਸਮਾਜਿਕ-ਆਰਥਿਕ ਹਾਲਾਤਾਂ ਨੇ ਮਾਝੇ, ਮਾਲਵਾ ਅਤੇ ਦੁਆਬੇ ਦੇ ਕ੍ਰਮਵਾਰ 31, 22, 16.68 ਅਤੇ 15.64 ਫੀਸਦੀ ਵਿਅਕਤੀਆਂ ਨੂੰ ਵਿਦੇਸ਼ਾਂ ਨੂੰ ਪ੍ਰਵਾਸ ਕਰਨ ਲਈ ਮਜਬੂਰ ਕੀਤਾ । ਸੂਬੇ ਵਿਚ ਵਧ ਰਹੇ ਅਪਰਾਧਾਂ ਤੋਂ ਤੰਗ ਆਏ ਮਾਝੇ ਦੇ 11.88, ਮਾਲਵੇ ਦੇ 2.78 ਅਤੇ ਦੁਆਬੇ ਦੇ 1.17 ਫੀਸਦੀ ਵਿਅਕਤੀਆਂ ਨੇ ਵਿਦੇਸ਼ਾਂ ਨੂੰ ਜਾਣਾ ਬਿਹਤਰ ਸਮਝਿਆ । ਦੁਆਬੇ ਦੇ 79.67, ਮਾਝੇ ਦੇ 67.88 ਅਤੇ ਮਾਲਵੇ ਦੇ 62.44 ਫੀਸਦੀ ਵਿਅਕਤੀਆਂ ਨੇ ਵਧੇਰੇ ਕਮਾਈ ਕਰਨ ਦੀ ਇੱਛਾ ਕਾਰਨ ਵਿਦੇਸ਼ਾਂ ਨੂੰ ਪ੍ਰਵਾਸ ਕੀਤਾ । ਵਿਦੇਸ਼ਾਂ ਵਿੱਚ ਰਹਿਣ-ਸਹਿਣ ਦੀਆਂ ਵੱਧੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ ਨੇ ਮਾਝੇ, ਦੁਆਬੇ ਅਤੇ ਮਾਲਵੇ ਦੇ ਕ੍ਰਮਵਾਰ 82.57, 73.9 ਅਤੇ 64.01 ਫੀਸਦੀ ਵਿਅਕਤੀਆਂ ਨੇ ਪ੍ਰਵਾਸ ਕਰਨ ਲਈ ਆਕਰਸ਼ਿਤ ਕੀਤਾ । ਮਾਝੇ ਦੇ 14.92, ਮਾਲਵੇ ਦੇ 10.91 ਅਤੇ ਦੁਆਬੇ ਦੇ 8.7 ਫੀਸਦੀ ਵਿਅਕਤੀਆਂ ਦੇ ਵਿਦੇਸ਼ਾਂ ਨੂੰ ਪ੍ਰਵਾਸ ਕਰਨ ਦਾ ਕਾਰਨ ਉਨ੍ਹਾਂ ਦੇ ਪਰਿਵਾਰਾਂ ਦਾ ਵਿਦੇਸ਼ਾਂ ਵਿਚ ਵਸ ਜਾਣਾ ਸੀ । ਮਾਝੇ, ਦੁਆਬੇ ਅਤੇ ਮਾਲਵੇ ਦੇ ਕ੍ਰਮਵਾਰ 37.57, 28.54 ਅਤੇ 16.61 ਫੀਸਦੀ ਵਿਅਕਤੀਆਂ ਨੇ ਉੱਚ ਸਿੱਖਿਆ ਪ੍ਰਾਪਤ ਕਰਨ ਦੀ ਉਮੀਦ ਨਾਲ ਵਿਦੇਸ਼ਾਂ ਨੂੰ ਪ੍ਰਵਾਸ ਕੀਤਾ ।

ਮਾਝੇ ਵਿਚੋਂ ਪ੍ਰਵਾਸੀਆਂ ਦੇ ਵਧੇਰੇ ਹਿੱਸੇ (25.41 ਫੀਸਦੀ) ਨੇ ਵਿਦੇਸ਼ ਜਾਣ ਲਈ 15 ਤੋਂ 20 ਲੱਖ ਰੁਪਏ ਖਰਚ ਕੀਤੇ । ਤਕਰੀਬਨ ਇੰਨੇ ਹੀ (25.14 ਫੀਸਦੀ) ਪ੍ਰਵਾਸੀਆਂ ਨੇ ਪ੍ਰਵਾਸ ਲਈ 20 ਤੋਂ 25 ਲੱਖ ਰੁਪਏ ਅਤੇ 24.31 ਫੀਸਦੀ ਪ੍ਰਵਾਸੀਆਂ ਨੇ 5 ਤੋਂ 10 ਲੱਖ ਰੁਪਏ ਖਰਚ ਕੀਤੇ । ਪ੍ਰਵਾਸੀਆਂ ਦੇ 12.43 ਫੀਸਦੀ ਨੇ ਪ੍ਰਵਾਸ ਕਰਨ ਲਈ 5 ਲੱਖ ਰੁਪਏ ਤੋਂ ਘੱਟ ਖਰਚ ਕੀਤੇ । ਇਸ ਤੋਂ ਬਾਅਦ 7.73 ਅਤੇ 4.7 ਫੀਸਦੀ ਪ੍ਰਵਾਸੀਆਂ ਨੇ ਕ੍ਰਮਵਾਰ 10 ਤੋਂ 15 ਅਤੇ 25 ਤੋਂ 30 ਲੱਖ ਰੁਪਏ ਖਰਚ ਕੀਤੇ । ਸਿਰਫ 0.28 ਫੀਸਦੀ ਪ੍ਰਵਾਸੀ 30 ਲੱਖ ਜਾਂ ਵੱਧ ਰੁਪਏ ਖਰਚ ਕੇ ਵਿਦੇਸ਼ ਗਏ। ਦੁਆਬੇ ਵਿਚੋਂ 31.18 ਫੀਸਦੀ ਪ੍ਰਵਾਸੀਆਂ ਨੇ ਵਿਦੇਸ਼ ਜਾਣ ਲਈ 5 ਲੱਖ ਰੁਪਏ ਤੋਂ ਘੱਟ ਖਰਚ ਕੀਤੇ । ਇਸ ਤੋਂ ਬਾਅਦ 7.73 ਅਤੇ 4.7 ਫੀਸਦੀ ਪ੍ਰਵਾਸੀਆਂ ਨੇ ਕ੍ਰਮਵਾਰ 10 ਤੋਂ 15 ਅਤੇ 25 ਤੋਂ 30 ਲੱਖ ਰੁਪਏ ਖਰਚ ਕੀਤੇ । ਸਿਰਫ 0.28 ਫੀਸਦੀ ਪ੍ਰਵਾਸੀ 30 ਲੱਖ ਜਾਂ ਵੱਧ ਰੁਪਏ ਖਰਚ ਕੇ ਵਿਦੇਸ਼ ਗਏ । ਦੁਆਬੇ ਵਿਚੋਂ 31.18 ਫੀਸਦੀ ਪ੍ਰਵਾਸੀਆਂ ਨੇ ਵਿਦੇਸ਼ ਜਾਣ ਲਈ 5 ਲੱਖ ਰੁਪਏ ਤੋਂ ਘੱਟ ਖਰਚ ਕੀਤੇ, ਜਦੋਂ ਕਿ 17.2 ਫੀਸਦੀ ਵਿਅਕਤੀ 5 ਤੋਂ 10 ਲੱਖ ਰੁਪਏ ਖਰਚ ਕੇ ਵਿਦੇਸ਼ ਗਏ । ਪ੍ਰਵਾਸੀਆਂ ਦੇ 13.69 ਫੀਸਦੀ ਨੇ ਕੌਮਾਂਤਰੀ ਪ੍ਰਵਾਸ ਲਈ 10 ਤੋਂ 15, 20.53 ਫੀਸਦੀ ਨੇ 15 ਤੋਂ 20 ਅਤੇ 10.95 ਫੀਸਦੀ ਨੇ 20 ਤੋਂ 25 ਲੱਖ ਰੁਪਏ ਖਰਚ ਕੀਤੇ । ਪ੍ਰਵਾਸੀਆਂ ਦੇ 3.13 ਫੀਸਦੀ ਨੇ ਕੌਮਾਂਤਰੀ ਪ੍ਰਵਾਸ ਲਈ 25 ਤੋਂ 30 ਲੱਖ ਰੁਪਏ ਅਤੇ 3.32 ਫੀਸਦੀ ਨੇ 30 ਲੱਖ ਤੋਂ ਵੱਧ ਰੁਪਏ ਖਰਚ ਕੀਤੇ । ਮਾਲਵੇ ਵਿਚੋਂ 29.29 ਫੀਸਦੀ ਪ੍ਰਵਾਸੀਆਂ ਨੇ ਵਿਦੇਸ਼ ਜਾਣ ਲਈ 15 ਤੋਂ 20 ਲੱਖ ਰੁਪਏ ਖਰਚ ਕੀਤੇ । ਇਸ ਤੋਂ ਬਾਅਦ 20.38 ਫੀਸਦੀ ਪ੍ਰਵਾਸੀਆਂ ਨੇ ਵਿਦੇਸ਼ ਜਾਣ ਲਈ 20 ਤੋਂ 25 ਲੱਖ ਰੁਪਏ ਅਤੇ 17.82 ਫੀਸਦੀ ਨੇ 5 ਲੱਖ ਰੁਪਏ ਤੋਂ ਘੱਟ ਖਰਚ ਕੀਤੇ । ਇਸ ਤੋਂ ਇਲਾਵਾ, 13.26

ਬਾਕੀ ਸਫਾ 12 'ਤੇ



# ਬਹਾਰ ਰੁੱਤ ਦੀ ਮੱਕੀ ਦੇ ਕੀੜੇ-ਮਕੌੜਿਆਂ ਦੀ ਸਰਵਪੱਖੀ ਰੋਕਥਾਮ

**ਰਾਕੇਸ਼ ਕੁਮਾਰ ਸ਼ਰਮਾ, ਜਵਾਲਾ ਜਿੰਦਲ ਅਤੇ ਕੇ ਕੇ ਸ਼ਰਮਾ,**
**ਫਾਰਮ ਸਲਾਹਕਾਰ ਸੇਵਾ ਕੇਂਦਰ, ਗੰਗੀਆਂ, ਹੁਸ਼ਿਆਰਪੁਰ**
**ਮੋਬਾਇਲ : 98728-82111**

**ਮੱਕੀ ਦੀ ਸ਼ਾਖ ਦੀ ਮੱਖੀ** : ਇਹ ਬਹਾਰ ਰੁੱਤ ਦੀ ਮੱਕੀ ਦਾ ਬਹੁਤ ਨੁਕਸਾਨ ਕਰਦੀ ਹੈ। ਸ਼ਾਖ ਦੀ ਮੱਖੀ ਦੀ ਰੋਕਥਾਮ ਲਈ ਪ੍ਰਤੀ ਕਿਲੋ ਬੀਜ ਨੂੰ 6 ਮਿਲੀਲਿਟਰ ਗਾਚੋ 600 ਐਫ ਐਸ (ਇਮਿਡਾਕਲੋਪਰਿਡ) ਦੇ ਹਿਸਾਬ ਨਾਲ ਸੋਧ ਲਓ ਅਤੇ ਸੋਧੇ ਹੋਏ ਬੀਜ ਨੂੰ 14 ਦਿਨਾਂ ਦੇ ਅੰਦਰ-ਅੰਦਰ ਬੀਜ ਦਿਉ। ਜੇਕਰ ਬੀਜ ਦੀ ਸੋਧ ਨਾ ਹੋ ਸਕੇ ਤਾਂ 5 ਕਿਲੋ ਫਿਊਰਾਡਾਨ 3 ਜੀ (ਕਾਰਬੋਫਿਊਰਾਨ) ਪ੍ਰਤੀ ਏਕੜ ਦੇ ਹਿਸਾਬ ਨਾਲ ਬੀਜਾਈ ਵੇਲੇ ਸਿਆੜਾਂ ਵਿੱਚ ਪਾਉ।

**ਸੈਨਿਕ ਸੁੰਡੀ ਅਤੇ ਛੱਲੀਆਂ ਦਾ ਸੂਤ ਕੁਤਰੂ** : ਇਸ ਕੀੜੇ ਦਾ ਹਮਲਾ ਮਾਰਚ ਵਿੱਚ ਖੇਤ ਦੀਆਂ ਬਾਹਰਲੀਆਂ ਕਤਾਰਾਂ, ਜੋ ਕਿ ਕਣਕ ਦੇ ਖੇਤਾਂ ਨਾਲ ਲੱਗਦੀਆਂ ਹੋਣ, ਉੱਤੇ ਵਧੇਰੇ ਹੁੰਦਾ ਹੈ। ਸੂਤ ਕੁਤਰਣ ਵਾਲੀ ਸੁੰਡੀ ਛੱਲੀ ਦੇ ਵਾਲਾਂ ਨੂੰ ਖਾਂਦੀ ਹੈ ਅਤੇ ਬਾਅਦ ਵਿੱਚ ਕਈ ਵਾਰ ਛੱਲੀਆਂ ਅੰਦਰ ਪੱਕ ਰਹੇ ਕੁਝ ਦਾਣਿਆਂ ਦਾ ਨੁਕਸਾਨ ਕਰ ਸਕਦੀ ਹੈ। ਸਮੇਂ ਸਿਰ ਬੀਜੀ ਬਹਾਰ ਰੁੱਤ ਦੀ ਫਸਲ ਤੇ ਇਸ ਦਾ ਹਮਲਾ ਘੱਟ ਹੁੰਦਾ ਹੈ। ਹਮਲਾ ਦਿਖਾਈ ਦੇਣ ਤੇ ਸੁੰਡੀਆਂ ਨੂੰ ਇਕੱਠੇ ਕਰ ਕੇ ਨਸ਼ਟ ਕਰ ਦਿਓ।

**ਫਾਲ ਆਰਮੀਵਰਮ** : ਇਸ ਕੀੜੇ ਦੀਆਂ ਛੋਟੀਆਂ ਸੁੰਡੀਆਂ ਪੱਤਿਆਂ ਨੂੰ ਖੁਰਚ ਕੇ ਖਾਂਦੀਆਂ ਹਨ। ਇਸ ਸੁੰਡੀ ਦੀ ਪਛਾਣ ਇਸ ਦੇ ਸਿਰ ਵਾਲੇ ਪਾਸੇ ਚਿੱਟੇ ਰੰਗ ਦੇ ਅੰਗਰੇਜ਼ੀ ਦੇ ਅੱਖਰ "Y" ਦੇ ਉਲਟੇ ਨਿਸ਼ਾਨ ਅਤੇ ਪਿਛਲੇ ਸਿਰੇ ਦੇ ਲਾਗੇ ਚੌਰਸਾਕਾਰ ਚਾਰ ਬਿੰਦੂਆਂ ਤੋਂ ਹੁੰਦੀ ਹੈ।

ਇਸ ਦੀ ਰੋਕਥਾਮ ਲਈ ਹੇਠ ਲਿਖੇ ਨੁਕਤੇ ਅਪਨਾਉ :

★ ਮੱਕੀ ਦੀ ਬਿਜਾਈ ਸਿਫਾਰਿਸ਼ ਸਮੇਂ ਅਨੁਸਾਰ ਕਰੋ।

★ ਨਾਲ ਲਗਦੇ ਖੇਤਾਂ ਵਿੱਚ ਮੱਕੀ ਦੀ ਬਿਜਾਈ ਥੋੜ੍ਹੇ-ਥੋੜ੍ਹੇ ਵਕਫੇ ਤੇ ਨਾ ਕਰੋ ਤਾਂ ਜੋ ਕੀੜੇ ਦਾ ਫੈਲਾਅ ਘਟਾਇਆ ਜਾ ਸਕੇ।

★ ਇਸ ਕੀੜੇ ਦੀ ਰੋਕਥਾਮ ਲਈ 0.4 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰੈਂਟਰਾਨਿਲੀਪਰੋਲ*) ਜਾਂ 0.5 ਮਿਲੀਲਿਟਰ ਡੈਲੀਗੇਟ 11.7 ਐਸ ਜੀ (ਸਪਾਈਨਟੋਰਮ) ਜਾਂ 0.4 ਗ੍ਰਾਮ ਮਿਜ਼ਾਈਲ 5 ਐਸ ਜੀ (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। 20 ਦਿਨਾਂ ਤੱਕ ਦੀ ਫਸਲ ਲਈ 120 ਲਿਟਰ ਪਾਣੀ ਪ੍ਰਤੀ ਏਕੜ ਵਰਤੋ ਇਸ ਤੋਂ ਬਾਅਦ, ਫਸਲ ਦੇ ਵਧੇ ਅਨੁਸਾਰ ਪਾਣੀ ਦੀ ਮਾਤਰਾ 200 ਲਿਟਰ ਪ੍ਰਤੀ ਏਕੜ ਤੱਕ ਵਧਾਉ ਪਰ ਧਿਆਨ ਰੱਖੋ ਕਿ ਪਾਣੀ ਦੇ ਨਾਲ-ਨਾਲ ਉੱਪਰ ਦੱਸੇ ਕੀਟਨਾਸ਼ਕਾਂ ਦੀ ਮਾਤਰਾ ਵੀ ਉਸੇ ਅਨੁਪਾਤ ਵਿਚ ਵਧਾਉ। ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰੋ।

------- ਬਾਕੀ ਸਫਾ 11 ਦੀ -------

# ਪੰਜਾਬ ਨੇ ਕੌਮਾਂਤਰੀ ਪ੍ਰਵਾਸ ਵਿਚੋਂ ਕੀ ਖੱਟਿਆ-ਕੀ ਗੁਆਇਆ?

ਫੀਸਦੀ ਪ੍ਰਵਾਸੀਆਂ ਨੇ ਵਿਦੇਸ਼ ਜਾਣ ਲਈ 5 ਤੋਂ 10 ਲੱਖ ਰੁਪਏ, 10.83 ਫੀਸਦੀ ਨੇ 10 ਤੋਂ 15 ਲੱਖ ਰੁਪਏ, 4.78 ਫੀਸਦੀ ਨੇ 25 ਤੋਂ 30 ਲੱਖ ਰੁਪਏ ਅਤੇ 3.64 ਫੀਸਦੀ ਨੇ 30 ਲੱਖ ਜਾਂ ਵੱਧ ਰੁਪਏ ਖਰਚ ਕੀਤੇ।

ਜਿੱਥੋਂ ਤੱਕ ਕੌਮਾਂਤਰੀ ਪ੍ਰਵਾਸ ਲਈ ਮੁਹੱਈਆ ਕਰਵਾਈ ਗਈ ਰਕਮ ਦਾ ਸੰਬੰਧ ਹੈ, ਤਿੰਨੋਂ ਭੂਗੋਲਿਕ ਖੇਤਰਾਂ ਵਿਚ ਪ੍ਰਵਾਸ, ਦੇ ਕੁੱਲ ਖਰਚ ਦਾ ਜ਼ਿਆਦਾ ਹਿੱਸਾ ਪ੍ਰਵਾਸੀਆਂ ਦੇ ਪਰਿਵਾਰਾਂ ਦੀ ਬੱਚਤ ਤੋਂ ਆਇਆ ਹੈ। ਇਸ ਸੰਬੰਧ ਵਿਚ ਧਿਆਨ ਮੰਗਦਾ ਇਕ ਪੱਖ ਇਹ ਹੈ ਕਿ ਪ੍ਰਵਾਸੀਆਂ ਦੇ ਪਰਿਵਾਰ ਆਪਣੇ ਬੱਚਿਆਂ/ਮੈਂਬਰਾਂ ਦੇ ਪ੍ਰਵਾਸ ਲਈ ਜਿਹੜੀ ਰਕਮ ਨੂੰ ਆਪਣੀ ਬੱਚਤ ਵਜੋਂ ਦੱਸਦੇ ਹਨ, ਉਨ੍ਹਾਂ ਪਰਿਵਾਰਾਂ ਸਿਰ ਸੰਸਥਾਗਤ ਉਧਾਰ/ਕਰਜ਼ੇ ਦੀਆਂ ਲਿਮਟਾਂ ਵੀ ਹਨ, ਜਿਨ੍ਹਾਂ ਨੂੰ ਉਹ ਅਕਸਰ ਵਰਤਦੇ ਰਹਿੰਦੇ ਹਨ। ਦੁਆਬੇ, ਮਾਲਵੇ ਅਤੇ ਮਾਝੇ ਵਿਚ ਪ੍ਰਵਾਸ ਲਈ ਕੁੱਲ ਖਰਚ ਦਾ ਕ੍ਰਮਵਾਰ 43.38, 40.10 ਅਤੇ 29.34 ਫੀਸਦੀ ਪਰਿਵਾਸੀਆਂ ਦੇ ਪਰਿਵਾਰਾਂ ਦੀ ਬੱਚਤ ਤੋਂ ਆਇਆ ਦੱਸਿਆ ਗਿਆ ਹੈ। ਪ੍ਰਵਾਸੀਆਂ ਨੂੰ ਇੰਨੀ ਵੱਡੀ ਰਕਮ ਦਾ ਪ੍ਰਬੰਧ ਕਰਨ ਲਈ ਆਪਣੀ ਜ਼ਮੀਨ / ਪਲਾਟ / ਗਹਿਣੇ / ਵਾਹਨ / ਜਾਨਵਰ / ਖੇਤੀਬਾੜੀ ਮਸ਼ੀਨਰੀ ਵੀ ਵੇਚਣੀ ਪਈ। ਇਸ ਸਰੋਤ ਨੇ ਮਾਝੇ ਵਿਚ ਕੁੱਲ ਖਰਚ ਵਿਚ 21.97 ਫੀਸਦੀ ਯੋਗਦਾਨ ਪਾਇਆ। ਮਾਲਵੇ ਵਿਚ ਇਹ ਯੋਗਦਾਨ 20-04 ਫੀਸਦੀ ਅਤੇ ਦੁਆਬੇ ਵਿਚ 19.67 ਫੀਸਦੀ ਸੀ।

ਮੌਜੂਦਾ ਅਧਿਐਨ ਦਾ ਇਕ ਬਹੁਤ ਹੀ ਦੁੱਖਦਾਈ ਪਹਿਲੂ ਇਹ ਹੈ ਕਿ ਕੌਮਾਂਤਰੀ ਪ੍ਰਵਾਸ ਲਈ ਪੰਜਾਬੀਆਂ ਆਪਣੀਆਂ ਜ਼ਮੀਨਾਂ ਵੀ ਗੁਆ ਰਹੇ ਹਨਅਤੇਆਪਣੇ ਬੱਚੇ ਵੀ। ਮਾਝੇ, ਮਾਲਵੇ ਅਤੇ ਦੁਆਬੇ ਵਿਚੋਂ ਪ੍ਰਵਾਸੀਆਂ ਨੇ ਪ੍ਰਵਾਸ ਦੇ ਕੁੱਲ ਖਰਚ ਦਾ ਕ੍ਰਮਵਾਰ 25.09, 15.86 ਅਤੇ 14.27 ਫੀਸਦੀ ਦਾ ਪ੍ਰਬੰਧ ਬੈਂਕਾਂ/ਸਹਿਕਾਰੀ ਸਭਾਵਾਂ ਤੋਂ ਕੀਤਾ ਹੈ। ਇਸ ਮੰਤਵ ਲਈ ਆੜ੍ਹਤੀਆਂ ਤੋਂ ਵੀ ਕਰਜ਼ਾ ਲਿਆ ਗਿਆ, ਜੋ ਮਾਝੇ, ਮਾਲਵੇ ਅਤੇ ਦੁਆਬੇ ਵਿਚ ਪ੍ਰਵਾਸ ਦੇ ਕੁੱਲ ਖਰਚ ਦਾ ਕ੍ਰਮਵਾਰ 10.38, 8.78 ਅਤੇ 5.97 ਫੀਸਦੀ ਹਿੱਸਾ ਬਣਦਾ ਹੈ। ਪ੍ਰਵਾਸ ਦੇ ਕੁੱਲ ਖਰਚ ਵਿਚ ਰਿਸ਼ਤੇਦਾਰਾਂ ਦਾ ਯੋਗਦਾਨ ਦੁਆਬੇ ਵਿਚ 12.56, ਮਾਲਵੇ ਵਿਚ 11.1 ਅਤੇ ਮਾਝੇ ਵਿਚ 10.86 ਫੀਸਦੀ ਸੀ। ਕੌਮਾਂਤਰੀ ਪ੍ਰਵਾਸ ਲਈ ਪ੍ਰਵਾਸੀਆਂ ਨੇ ਆਪਣੇ ਹੋਣ ਵਾਲੇ ਸਹੁਰਿਆਂ ਤੋਂ ਮਾਲਵੇ, ਦੁਆਬੇ ਅਤੇ ਮਾਝੇ ਵਿਚ ਪ੍ਰਵਾਸ ਦੀ ਕੁੱਲ ਲਾਗਤ ਦਾ ਕ੍ਰਮਵਾਰ 2.19, 1.33 ਅਤੇ 0.71 ਫੀਸਦੀ ਲਿਆ। ਪ੍ਰਵਾਸ ਦੇ ਕੁੱਲ ਖਰਚ ਦਾ ਸਿਰਫ 2.21,1.28 ਅਤੇ 1.11 ਫੀਸਦੀ ਹਿੱਸਾ ਕ੍ਰਮਵਾਰ ਦੁਆਬੇ, ਮਾਲਵੇ ਅਤੇ ਮਾਝੇ ਵਿਚੋਂ ਪਹਿਲਾਂ ਤੋਂ ਗਏ ਪ੍ਰਵਾਸੀਆਂ ਦੁਆਰਾ ਭੇਜੇ ਗਏ ਧਨ ਤੋਂ ਆਇਆ। ਪ੍ਰਵਾਸੀਆਂ ਨੇ ਆਪਣੇ ਪਿੰਡ ਦੇ ਵੱਡੇ



ਕਿਸਾਨਾਂ ਤੋਂ ਪ੍ਰਵਾਸ ਦੇ ਕੁੱਲ ਖਰਚ ਦਾ ਮਾਲਵੇ ਵਿਚ 0.65, ਦੁਆਬੇ ਵਿਚ 0.61 ਅਤੇ ਮਾਝੇ ਵਿਚ 0.44 ਫੀਸਦੀ ਕਰਜ਼ਾ ਲਿਆ। ਇਸ ਸੰਬੰਧ ਵਿਚ ਧਿਆਨ ਦੇਣ ਯੋਗ ਤੱਥ ਇਹ ਵੀ ਹੈ ਕਿ ਵੱਡੇ ਕਿਸਾਨ, ਪ੍ਰਵਾਸੀਆਂ ਦੇ ਪਰਿਵਾਰਾਂ ਉੱਤੇ ਕਰਜ਼ਾ ਚੜ੍ਹਾ ਕੇ ਉਨ੍ਹਾਂ ਦੀਆਂ ਜ਼ਮੀਨਾਂ ਖਰੀਦਣ ਉੱਤੇ ਨਜ਼ਰ ਰੱਖਦੇ ਹਨ।

ਕੌਮਾਂਤਰੀ ਪ੍ਰਵਾਸ ਉਨ੍ਹਾਂ ਪਰਿਵਾਰਾਂ ਲਈ ਸੁਖਾਵਾਂ ਹੋ ਸਕਦਾ ਹੈ, ਜਿਨ੍ਹਾਂ ਦੇ ਪ੍ਰਵਾਸੀ ਮੈਂਬਰ ਵਿਦੇਸ਼ਾਂ ਵਿਚ ਕੰਮ ਕਰਕੇ ਇਕੱਠੇ ਕੀਤੇ ਧਨ ਵਿਚੋਂ ਕੁਝ ਰਕਮ ਆਪਣੇ ਪਰਿਵਾਰਾਂ ਨੂੰ ਭੇਜਣਾ ਸ਼ੁਰੂ ਕਰ ਦਿੰਦੇ ਹਨ। ਦੁਆਬੇ, ਮਾਲਵੇ ਅਤੇ ਮਾਝੇ ਵਿਚੋਂ ਗਏ ਪ੍ਰਵਾਸੀਆਂ ਵਿਚੋਂ ਕ੍ਰਮਵਾਰ 81.92, 54.38 ਅਤੇ 46.96 ਫੀਸਦੀ ਨੇ ਆਪਣੇ ਪਰਿਵਾਰਾਂ ਨੂੰ ਕੁਝ ਧਨ ਭੇਜਿਆ। ਦੁਆਬੇ ਦੇ 71.13 ਫੀਸਦੀ, ਮਾਲਵੇ ਦੇ 56.75 ਫੀਸਦੀ ਅਤੇ ਮਾਝੇ ਦੇ 51.19 ਫੀਸਦੀ ਪ੍ਰਵਾਸੀਆਂ ਨੇ ਆਪਣੇ ਪਰਿਵਾਰਾਂ ਨੂੰ ਸਿਰਫ 5 ਲੱਖ ਰੁਪਏ ਤੱਕ ਹੀ ਰਕਮਾਂ ਭੇਜੀਆਂ।

ਮਾਲਵੇ, ਦੁਆਬੇ ਅਤੇ ਮਾਝੇ ਦੇ ਕੁੱਲ ਪ੍ਰਵਾਸੀਆਂ ਵਿਚੋਂ ਕ੍ਰਮਵਾਰ 21.76, 10.02 ਅਤੇ 5.88 ਫੀਸਦੀ ਨੇ ਆਪਣੇ ਪਰਿਵਾਰਾਂ ਨੂੰ 10 ਲੱਖ ਰੁਪਏ ਜਾਂ ਇਸ ਤੋਂ ਵੱਧ ਪੈਸੇ ਭੇਜੇ। ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਤੋਂ ਗਏ ਕੌਮਾਂਤਰੀ ਪ੍ਰਵਾਸੀਆਂ ਦੇ ਪ੍ਰਵਾਸ ਦੇ ਖਰਚ ਅਤੇ ਉਨ੍ਹਾਂ ਦੁਆਰਾ ਵਾਪਸ ਭੇਜੀ ਗਈ ਰਕਮ (ਰੈਮਿਟੈਂਸ) ਵਿਚਕਾਰ ਇਕ ਬਹੁਤ ਵੱਡਾ ਪਾੜਾ ਹੈ, ਜੋ ਸਪੱਸ਼ਟ ਤੌਰ ਉੱਤੇ ਪੰਜਾਬ ਅਤੇ ਭਾਰਤ ਵਿੱਚੋਂ 'ਪੂੰਜੀ ਹੂੰਝੇ' ਨੂੰ ਦਰਸਾਉਂਦਾ ਹੈ।

ਕੌਮਾਂਤਰੀ ਪ੍ਰਵਾਸ ਦੀ ਉੱਚੀ ਲਾਗਤ ਅਤੇ ਪ੍ਰਵਾਸੀਆਂ ਵੱਲੋਂ ਆਪਣੇ ਪਰਿਵਾਰਾਂ ਵੱਲੋਂ ਆਪਣੇ ਪਰਿਵਾਰਾਂ ਨੂੰ ਘੱਟ ਰਕਮਾਂ ਭੇਜਣ ਕਰਕੇ ਮਾਝੇ ਵਿਚ 90 ਫੀਸਦੀ ਤੋਂ ਮਾਮੂਲੀ ਵੱਧ, ਮਾਲਵੇ ਵਿਚ 63.79 ਫੀਸਦੀ ਅਤੇ ਦੁਆਬੇ ਵਿਚ 60.12 ਫੀਸਦੀ ਪਰਿਵਾਰ ਕਰਜ਼ੇ ਥੱਲੇ ਹਨ।

ਪੇਂਡੂ ਪ੍ਰਵਾਸ ਤੋਂ ਕੌਮਾਂਤਰੀ ਪ੍ਰਵਾਸ ਦੇ ਮੌਜੂਦਾ ਅਧਿਐਨ ਤੋਂ ਇਹ ਸਾਹਮਣੇ ਆਇਆ ਹੈ ਕਿ ਵੱਖ-ਵੱਖ ਕਾਰਨਾਂ ਕਰਕੇ ਕੀਤਾ ਜਾ ਰਿਹਾ ਪ੍ਰਵਾਸ ਪੰਜਾਬ ਅਤੇ ਭਾਰਤ ਲਈ 'ਬੌਧਿਕ ਹੂੰਝੇ', ਪੂੰਜੀ ਹੂੰਝੇ' ਅਤੇ 'ਜਨਸੰਖਿਕ ਲਾਭਅੰਸ਼ ਦੇ ਨੁਕਸਾਨ' ਤੋਂ ਬਿਨਾਂ ਹੋਰ ਅਨੇਕਾਂ ਸਮੱਸਿਆਵਾਂ ਖੜ੍ਹੀਆਂ ਕਰ ਰਿਹਾ ਹੈ। ਇਨ੍ਹਾਂ ਸਮੱਸਿਆਵਾਂ ਉੱਤੇ ਕਾਬੂ ਪਾਉਣ ਲਈ ਜ਼ਰੂਰੀ ਹੈ ਕਿ ਪੰਜਾਬ ਅਤੇ ਭਾਰਤ ਵਿਚ ਰੁਜ਼ਗਾਰ ਦੇ ਢੁਕਵੇਂ ਮੌਕੇ ਪੈਦਾ ਕਰਨ ਦੇ ਨਾਲ ਨਾਲ ਇੱਥੋਂ ਦੀਆਂ ਸਮਾਜਿਕ- ਆਰਥਿਕ ਸਥਿਤੀਆਂ, ਪ੍ਰਸ਼ਾਸਨਿਕ ਸੇਵਾਵਾਂ ਵਿਚ ਵੀ ਸੁਧਾਰ ਕੀਤਾ ਜਾਵੇ ਅਤੇ ਨਸ਼ਿਆਂ ਦੀ ਵਰਤੋਂ ਨੂੰ ਠੱਲ੍ਹ ਪਾਈ ਜਾਵੇ।




ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਇੱਕ ਸਾਲ ਲਈ 300/- ਰੁਪਏ
ਦੋ ਸਾਲ ਲਈ 500/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਮੋ. 90410-14575 ਈ-ਮੇਲ : khetiduniyan1983@gmail.com

# ਮਿਰਚਾਂ ਦੀ ਸਫਲ ਕਾਸ਼ਤ ਲਈ ਸਿਫਾਰਸ਼ਾਂ

ਪਰਵਿੰਦਰ ਸਿੰਘ ਅਤੇ ਸੁਖਜਿੰਦਰਜੀਤ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ ਅੰਮ੍ਰਿਤਸਰ

ਗਰਮੀ ਰੁੱਤ ਦੀਆਂ ਸਬਜ਼ੀਆਂ ਵਿੱਚ ਮਿਰਚਾਂ ਦਾ ਪ੍ਰਮੁੱਖ ਸਥਾਨ ਹੈ। ਪੰਜਾਬ ਵਿੱਚ ਇਸ ਦੀ ਕਾਸ਼ਤ ਹਰੀਆਂ ਅਤੇ ਲਾਲ ਮਿਰਚਾਂ ਦੀ ਪੈਦਾਵਾਰ ਲੈਣ ਲਈ ਕੀਤੀ ਜਾਂਦਾ ਹੈ। ਇਹ ਵਿਟਾਮਿਨ ਏ, ਸੀ ਅਤੇ ਈ ਦਾ ਮਹੱਤਵਪੂਰਨ ਸ੍ਰੋਤ ਹੈ। ਮਿਰਚਾਂ ਦੀ ਸਫਲ ਕਾਸ਼ਤ ਲਈ ਸਿਫਾਰਸ਼ਾਂ ਦਾ ਵੇਰਵਾ ਇਸ ਪ੍ਰਕਾਰ ਹੈ :

**ਮੌਸਮ ਅਤੇ ਜ਼ਮੀਨ** : ਮਿਰਚ ਦੀ ਫਸਲ ਗਰਮ ਅਤੇ ਸਿੱਲ੍ਹੇ ਜਲਵਾਯੂ ਵਿੱਚ ਵੱਧੀਆ ਹੁੰਦੀ ਹੈ। ਮਿਰਚ ਦੀ ਖੇਤੀ ਵਾਸਤੇ 130-150 ਦਿਨ ਤਕ ਕੋਰੇ ਰਹਿਤ ਮੌਸਮ ਅਤੇ 15-35 ਡਿਗਰੀ ਸੈਂਟੀਗ੍ਰੇਡ ਤਾਪਮਾਨ ਢੁੱਕਵਾਂ ਹੁੰਦਾ ਹੈ। ਆਮ ਤੌਰ ਕੇ ਮਿਰਚਾਂ ਤੇ 30 ਡਿਗਰੀ ਸੈਂਟੀਗ੍ਰੇਡ ਤੋਂ ਉਪਰ ਤਾਪਮਾਨ ਤੇ ਫਲ ਨਹੀਂ ਬਣਦਾ। ਜੇਕਰ ਤਾਪਮਾਨ 40 ਡਿਗਰੀ ਤੋਂ ਵੱਧ ਜਾਵੇ ਤਾਂ ਫੁੱਲ ਬਹੁਤ ਘੱਟ ਲਗਦਾ ਹੈ ਅਤੇ ਫਲ ਝੜ ਜਾਂਦੇ ਹਨ। ਜਦੋਂ ਹਵਾ ਵਿੱਚ ਨਮੀਂ ਘੱਟ ਜਾਵੇ ਅਤੇ ਖੁਸ਼ਕ ਹਵਾਵਾਂ ਵਗਣ ਤਾਂ ਇਹ ਸਮੱਸਿਆ ਹੋਰ ਵੀ ਵਧ ਜਾਂਦੀ ਹੈ। ਮਿਰਚ ਦੀ ਕਾਸ਼ਤ ਕਈਂ ਤਰ੍ਹਾਂ ਦੀ ਜ਼ਮੀਨ ਵਿੱਚ ਹੋ ਸਕਦੀ ਹੈ ਪਰ ਚੰਗੇ ਨਿਕਾਸ ਵਾਲੀ ਭੁਰਭੁਰੀ ਜ਼ਮੀਨ ਜਿਸ ਵਿੱਚ ਮੱਲ੍ਹੜ ਦੀ ਕਾਫੀ ਮਾਤਰਾ ਹੋਵੇ, ਵਧੀਆ ਹੁੰਦੀ ਹੈ। ਮਿਰਚ ਦੀ ਫਸਲ ਇਕ ਦਿਨ ਤੋਂ ਵਧ ਪਾਣੀ ਨਹੀਂ ਸਹਿਣ ਕਰ ਸਕਦੀ ਹੈ। ਭਾਵੇਂ ਮਿਰਚ ਦੀ ਕਾਸ਼ਤ 5.0-8.0 ਪੀ ਐਚ ਤਕ ਦੀਆਂ ਜ਼ਮੀਨਾਂ ਵਿੱਚ ਹੋ ਸਕਦੀ ਹੈ ਪਰ ਵਧੇਰੇ ਉਪਜ ਲਈ 6.5 ਪੀ ਐਚ ਵਾਲੀ ਜ਼ਮੀਨ ਵਧੀਆ ਹੁੰਦੀ ਹੈ।

**ਉੱਨਤ ਕਿਸਮਾਂ : ਸੀ ਐਚ-27** : ਇਹ ਇਕ ਦੋਗਲੀ ਕਿਸਮ ਹੈ। ਇਹ ਹਾਈਬ੍ਰਿਡ ਕਿਸਮ ਮਾਦਾ ਲਾਈਨ ਐਮ ਐਸ-12 ਅਤੇ ਨਰ ਲਾਈਨ ਐਸ-343 ਤੋਂ ਤਿਆਰ ਕੀਤੀ ਗਈ ਹੈ। ਇਸ ਦੇ ਪੌਦੇ ਉੱਚੇ ਅਤੇ ਫੈਲਾਅ ਵਾਲੇ ਹੁੰਦੇ ਹਨ। ਬੂਟੇ ਕਾਫੀ ਲੰਮੇ ਸਮੇਂ ਤਕ ਫਲ ਦਿੰਦੇ ਰਹਿੰਦੇ ਹਨ। ਫਲ ਦਰਮਿਆਨੇ ਲੰਮੇ 6.7 ਸੈਂਟੀਮੀਟਰ, ਪਤਲੀ ਛਿੱਲੜ ਵਾਲੇ ਅਤੇ ਹਰੇ ਰੰਗ ਦੇ ਹੁੰਦੇ ਹਨ ਪਰ ਪੱਕ ਕੇ ਇਨ੍ਹਾਂ ਦਾ ਰੰਗ ਗੂੜ੍ਹਾ ਲਾਲ ਹੋ ਜਾਂਦਾ ਹੈ। ਸੁੱਕੀਆਂ ਮਿਰਚਾਂ ਵਿੱਚ ਕੁੜੱਤਣ ਤੱਤ ਦੀ ਮਾਤਰਾ 0.7 ਫੀਸਦੀ ਅਤੇ ਜ਼ਿਆਦਾ ਸੁੱਕਾ ਮਾਦਾ 26 ਫੀਸਦੀ ਹੁੰਦਾ ਹੈ। ਫਲਾਂ ਦਾ ਔਸਤਨ ਭਾਰ 3.6 ਗ੍ਰਾਮ ਅਤੇ ਲਾਲ ਮਿਰਚ ਦਾ ਝਾੜ 96 ਕੁਇੰਟਲ ਪ੍ਰਤੀ ਏਕੜ ਹੈ। ਇਸ ਕਿਸਮ



ਵਿੱਚ ਪੱਤਾ ਲਪੇਟ ਵਿਸ਼ਾਣੂੰ, ਜੜ੍ਹ ਗੰਢ ਨੀਮਾਟੋਡ ਅਤੇ ਫਲ ਗਲਣਾ ਆਦਿ ਬਿਮਾਰੀਆਂ ਦਾ ਟਾਕਰਾ ਕਰਨ ਦੀ ਸਮਰੱਥਾ ਹੈ। ਇਹ ਕਿਸਮ ਥਰਿੱਪ ਅਤੇ ਜੂੰ ਵਰਗੇ ਕੀੜਿਆਂ ਨੂੰ ਵੀ ਸਹਾਰ ਸਕਦੀ ਹੈ। ਇਹ ਕਿਸਮ ਪ੍ਰੋਸੈਸਿੰਗ ਵਾਸਤੇ ਢੁੱਕਵੀਂ ਹੈ।

**ਸੀ ਐਚ-3** : ਇਹ ਹਾਈਬ੍ਰਿਡ ਕਿਸਮ ਨਰ ਐਮ ਐਸ-12 ਅਤੇ ਮਾਦਾ ਐਸ-2530 ਦੇ ਨਸਲੀ ਮੇਲ ਨਾਲ ਬਣਾਈ ਗਈ ਹੈ। ਇਹ ਅਗੇਤੀ ਕਿਸਮ ਹੈ, ਜਿਸ ਦਾ ਗੂੜ੍ਹਾ ਹਰਾ ਪਤਰਾਲ ਅਤੇ ਫਲ ਹੇਠਾਂ ਵੱਲ ਲੱਗਦੇ ਹਨ। ਫਲ ਲੰਮੇ (8.2 ਸੈਂਟੀਮੀਟਰ) ਹੁੰਦੇ ਹਨ ਜੋ ਪਹਿਲਾਂ ਗੂੜ੍ਹੇ ਹਰੇ ਰੰਗ ਦੇ ਅਤੇ ਪੱਕ ਕੇ ਗੂੜ੍ਹੇ ਲਾਲ ਹੋ ਜਾਂਦੇ ਹਨ। ਇਨ੍ਹਾਂ ਵਿੱਚ ਘੱਟ ਕੁੜੱਤਣ (0.51 ਫੀਸਦੀ ਕੈਪਸੇਸਿਨ) ਜ਼ਿਆਦਾ ਸੁੱਕਾ ਮਾਦਾ (22.5 ਫੀਸਦੀ) ਅਤੇ ਚੋਖਾ ਵਿਟਾਮਿਨ-ਸੀ (109.95 ਮਿਲੀ ਗ੍ਰਾਮ ਪ੍ਰਤੀ 100 ਗ੍ਰਾਮ) ਹੁੰਦੇ ਹਨ। ਇਸਦੇ ਗੂੜ੍ਹੇ ਲਾਲ ਰੰਗ ਦੇ ਫਲ ਇਸਨੂੰ ਮਿਰਚਾਂ ਦਾ ਪੇਸਟ ਬਣਾ ਕੇ ਬਾਹਰ ਭੇਜਣ ਦੇ ਯੋਗ ਬਣਾਉਂਦੇ ਹਨ। ਪੱਕੀ ਹੋਈ ਲਾਲ ਮਿਰਚ ਦਾ ਔਸਤਨ ਝਾੜ 110 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ।

**ਸੀ ਐਚ-1** : ਇਹ ਇਕ ਦੋਗਲੀ ਕਿਸਮ ਹੈ ਜੋ ਐਮ ਐਸ-12 ਅਤੇ ਐੱਲ ਐਲ ਐਸ ਦਾ ਸੁਮੇਲ ਹੈ। ਇਸ ਦੇ ਬੂਟਿਆਂ ਦੀ ਉਚਾਈ ਤਕਰੀਬਨ ਇਕ ਮੀਟਰ ਦੀ ਹੋ ਜਾਂਦੀ ਹੈ ਅਤੇ ਫੈਲਾਅ ਕਾਫੀ ਜ਼ਿਆਦਾ ਹੁੰਦਾ ਹੈ। ਬੂਟੇ ਕਾਫੀ ਲੰਮੇ ਸਮੇਂ ਤਕ ਫਲ ਦਿੰਦੇ ਰਹਿੰਦੇ ਹਨ। ਫਲਾਂ ਦਾ ਰੰਗ ਪਹਿਲਾਂ ਹਰਾ ਹੁੰਦਾ ਹੈ। ਪਰ ਪੱਕਣ ਸਮੇਂ ਇਨ੍ਹਾਂ ਦਾ ਰੰਗ ਗੂੜ੍ਹਾ ਲਾਲ ਹੁੰਦਾ ਹੈ। ਫਲ ਦਾ ਆਕਾਰ ਦਰਮਿਆਨਾ (6.62 ਸੈਂਟੀਮੀਟਰ ਲੰਮਾ) ਅਤੇ ਇਕ ਫਲ ਦਾ ਭਾਰ ਤਕਰੀਬਨ 2.7 ਗ੍ਰਾਮ ਹੁੰਦਾ ਹੈ। ਇਸ ਕਿਸਮ ਦੇ ਬੂਟਿਆਂ ਨੂੰ ਉੱਲੀ ਅਤੇ ਵਿਸ਼ਾਣੂੰ ਰੋਗ ਘੱਟ ਲੱਗਦੇ ਹਨ। ਇਸਦੇ ਫਲ ਸਲਾਦ ਲਈ ਅਤੇ ਸੁਕਾਉਣ ਲਈ ਕਾਫੀ ਚੰਗੇ ਹਨ। ਲਾਲ ਮਿਰਚਾਂ ਦਾ ਝਾੜ ਤਕਰੀਬਨ 100 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ। ਇਨ੍ਹਾਂ ਦੇ ਫਲਾਂ ਵਿੱਚ ਕੌੜੇਪਣ ਦਾ ਤੱਤ 0.80 ਫੀਸਦੀ ਹੈ ਅਤੇ ਡੱਬਾਬੰਦੀ ਵਾਸਤੇ ਕਾਫੀ ਉੱਤਮ ਹੈ।

**ਪੰਜਾਬ ਸੰਧੂਰੀ** : ਇਸ ਕਿਸਮ ਦੇ ਪੌਦੇ ਦਰਮਿਆਨੀ ਉਚਾਈ ਦੇ ਅਤੇ ਘੱਟ ਫੈਲਾਅ ਵਾਲੇ ਹੁੰਦੇ ਹਨ। ਇਸ ਦਾ ਪਤਰਾਲ ਗੂੜ੍ਹਾ ਹਰੇ ਰੰਗ ਦਾ ਹੁੰਦਾ ਹੈ। ਇਹ ਇਕ ਅਗੇਤੀ ਕਿਸਮ ਹੈ ਅਤੇ ਲਾਲ ਮਿਰਚ ਦੀ ਤੁੜਾਈ 75 ਦਿਨਾਂ ਬਾਅਦ ਹੋ ਜਾਂਦੀ ਹੈ। ਫਲ ਲੰਮੇ (7.1 ਸੈਂਟੀਮੀਟਰ), ਮੋਟੀ ਛਿੱਲੜ ਵਾਲੇ ਗੂੜ੍ਹੇ ਹਰੇ ਰੰਗ ਦੇ ਹੁੰਦੇ ਪਰ ਪੱਕ ਕੇ ਇਨ੍ਹਾਂ ਦਾ ਰੰਗ ਗੂੜ੍ਹਾ ਲਾਲ ਹੁੰਦਾ ਹੈ। ਫਲਾਂ ਵਿੱਚ ਕੁੜੱਤਣ ਦੇ ਤੱਤ ਦੀ ਮਾਤਰਾ 1.0 ਫੀਸਦੀ ਅਤੇ ਵਿਟਾਮਿਨ ਸੀ ਦੀ ਮਾਤਰਾ 155 ਮਿਲੀਗ੍ਰਾਮ ਪ੍ਰਤੀ 100 ਗ੍ਰਾਮ ਹੁੰਦੀ ਹੈ। ਇਸ ਦਾ ਔਸਤ ਝਾੜ 76 ਕੁਇੰਟਲ ਪ੍ਰਤੀ ਏਕੜ ਹੈ। ਇਹ ਕਿਸਮ ਦੂਰ ਦੁਰਾਡੇ ਦੀਆਂ ਮੰਡੀਆਂ ਵਿੱਚ ਭੇਜਣ ਲਈ ਢੁਕਵੀਂ ਹੈ।

**ਪੰਜਾਬ ਤੇਜ਼** : ਇਸ ਕਿਸਮ ਦੇ



ਪੌਦੇ ਦਰਮਿਆਨੀ ਉਚਾਈ ਦੇ ਅਤੇ ਘੱਟ ਫੈਲਾਅ ਵਾਲੇ ਹੁੰਦੇ ਹਨ। ਇਸ ਦਾ ਪਤਰਾਲ ਗੂੜ੍ਹਾ ਹਰੇ ਰੰਗ ਦਾ ਹੁੰਦਾ ਹੈ। ਇਹ ਇਕ ਅਗੇਤੀ ਕਿਸਮ ਦੇ ਅਤੇ ਲਾਲ ਮਿਰਚ ਦੀ ਤੁੜਾਈ 75 ਦਿਨਾਂ ਬਾਅਦ ਹੋ ਸਕਦੀ ਹੈ। ਫਲ ਲੰਮੇ (6.8 ਸੈਂਟੀਮੀਟਰ), ਪਤਲੀ ਛਿੱਲੜ ਵਾਲੇ ਅਤੇ ਹਲਕੇ ਰੰਗ ਦੇ ਹੁੰਦੇ ਹਨ ਪਰ ਪੱਕ ਕੇ ਇਨ੍ਹਾਂ ਦਾ ਰੰਗ ਗੂੜ੍ਹਾ ਲਾਲ ਹੋ ਜਾਂਦਾ ਹੈ। ਫਲਾਂ ਵਿੱਚ ਕੁੜੱਤਣ ਦੇ ਤੱਤ ਦੀ ਮਾਤਰਾ 1.32 ਫੀਸਦੀ ਹੈ ਅਤੇ ਵਿਟਾਮਿਨ-ਸੀ ਦੀ ਮਾਤਰਾ 115 ਮਿਲੀਗ੍ਰਾਮ ਪ੍ਰਤੀ 100 ਗ੍ਰਾਮ ਹੁੰਦੀ ਹੈ। ਇਸ ਦਾ ਔਸਤ ਝਾੜ 56 ਕੁਇੰਟਲ ਪ੍ਰਤੀ ਏਕੜ ਹੈ। ਇਹ ਕਿਸਮ ਪ੍ਰੋਸੈਸਿੰਗ ਵਾਸਤੇ ਢੁੱਕਵੀਂ ਹੈ।

**ਪੰਜਾਬ ਸੁਰਖ** : ਇਸ ਕਿਸਮ ਦੇ ਪੌਦਿਆਂ ਦੀ ਉਚਾਈ ਦਰਮਿਆਨੀ, ਪੱਤੇ ਗੂੜ੍ਹੇ ਹਰੇ, ਫਲ ਲੰਮੇ (7 ਸੈਂਟੀਮੀਟਰ) ਅਤੇ ਹਰੇ ਹੁੰਦੇ ਹਨ। ਫਲਾਂ ਦਾ ਰੰਗ ਪੱਕ ਕੇ ਗੂੜ੍ਹਾ ਲਾਲ ਹੋ ਜਾਂਦਾ ਹੈ। ਇਨ੍ਹਾਂ ਮਿਰਚਾਂ ਨੂੰ ਸਲਾਦ ਦੇ ਤੌਰ ਕੇ ਵਰਤਿਆ ਜਾ ਸਕਦਾ ਹੈ ਅਤੇ ਸੁਕਾਉਣ ਲਈ ਬਹੁਤ ਚੰਗੀ ਹੈ। ਇਸ ਕਿਸਮ ਵਿੱਚ ਫਲਾਂ ਦੇ ਗਲਣ ਦੇ ਰੋਗ ਨੂੰ ਸਹਿਣ ਦੀ ਸਮਰੱਥਾ ਹੈ। ਇਹ ਇਕ ਵਿਸ਼ਾਣੂੰ ਰੋਗ ਰਹਿਤ ਕਿਸਮ ਹੈ। ਇਹ ਕਿਸਮ ਅਗੇਤੀ ਤੁੜਾਈ ਦਿੰਦੀ ਹੈ ਅਤੇ ਲਾਲ ਮਿਰਚਾਂ ਦਾ ਝਾੜ ਤਕਰੀਬਨ 80 ਕੁਇੰਟਲ ਪ੍ਰਤੀ ਏਕੜ ਹੈ। ਸੁੱਕੀਆਂ ਮਿਰਚਾਂ ਵਿੱਚ ਕੁੜੱਤਣ ਦੇ ਤੱਤ ਦੀ ਮਾਤਰਾ 0.80 ਫੀਸਦੀ ਹੈ।

**ਪੰਜਾਬ ਗੁੱਛੇਦਾਰ** : ਇਸ ਕਿਸਮ ਦੇ ਪੌਦੇ ਦਰਮਿਆਨੇ ਆਕਾਰ ਦੇ, ਫਸਲ ਛੋਟੇ (5 ਸੈਂਟੀਮੀਟਰ) ਖੜ੍ਹਵੇਂ ਅਤੇ ਗੁੱਛਿਆਂ ਵਿੱਚ ਹੁੰਦੇ ਹਨ ਅਤੇ ਹਰੇਕ ਗੁੱਛੇ ਵਿੱਚ ਤਕਰੀਬਨ 5-16 ਫਲ ਹੁੰਦੇ ਹਨ। ਫਲ ਤੁੜਾਈ ਸਮੇਂ ਡੰਡੀ ਛੱਡ ਦਿੰਦੇ ਹਨ। ਫਲ ਚਮਕੀਲੇ ਅਤੇ ਹਰੇ ਹੁੰਦੇ ਹਨ। ਪੱਕਣ ਤੇ ਫਲ ਗੂੜ੍ਹੇ ਲਾਲ ਹੁੰਦੇ ਹਨ। ਇਹ ਕਿਸਮ ਸੁਕਾਉਣ ਅਤੇ ਡੱਬਾਬੰਦੀ ਲਈ ਬਹੁਤ ਉੱਤਮ ਹੈ। ਇਸ ਕਿਸਮ ਉੱਤੇ ਫਲਾਂ ਦੇ ਗਲਣ ਦਾ ਰੋਗ ਅਤੇ ਵਿਸ਼ਾਣੂੰ ਰੋਗ ਦਾ ਹਮਲਾ ਘੱਟ ਹੁੰਦਾ ਹੈ। ਇਹ ਕਿਸਮ ਪੱਕਣ ਵਿੱਚ ਪਿਛੇਤੀ ਹੈ ਅਤੇ ਲਾਲ ਫਲਾਂ ਦਾ ਝਾੜ 60 ਕੁਇੰਟਲ ਪ੍ਰਤੀ ਏਕੜ ਹੈ। ਸੁੱਕੀਆਂ ਲਾਲ ਮਿਰਚਾਂ ਵਿੱਚ ਕੁੜੱਤਣ ਦੇ ਤੱਤ ਦੀ ਮਾਤਰਾ 0.98 ਫੀਸਦੀ ਹੈ।

**ਕਾਸ਼ਤ ਦੇ ਢੰਗ : ਬੀਜ ਦੀ ਮਾਤਰਾ** : ਇਕ ਏਕੜ ਦੀ ਪਨੀਰੀ ਤਿਆਰ ਕਰਨ ਲਈ 200 ਗ੍ਰਾਮ ਬੀਜ ਕਾਫੀ ਹੈ। ਇਕ ਮਰਲੇ ਦੀਆਂ ਕਿਆਰੀਆਂ (25 ਵਰਗਮੀਟਰ) ਇਕ ਏਕੜ ਦੀ ਬਿਜਾਈ ਲਈ ਕਾਫੀ ਹਨ।

**ਬਿਜਾਈ ਦਾ ਸਮਾਂ** : ਅਖੀਰ ਅਕਤੂਬਰ ਤੋਂ ਅੱਧ ਨਵੰਬਰ ਤਕ ਪਨੀਰੀ ਬੀਜੋ ਅਤੇ ਫਰਵਰੀ-ਮਾਰਚ ਵਿੱਚ ਖੇਤ ਵਿੱਚ ਲਾ ਦਿਉ।

**ਪਨੀਰੀ ਬੀਜਣ ਦਾ ਤਰੀਕਾ** : ਮਿਰਚਾਂ ਦਾ ਬੀਜ ਉੱਚੀਆਂ ਕਿਆਰੀਆਂ ਵਿੱਚ ਬੀਜਿਆ ਜਾਂਦਾ ਹੈ। ਇਸ ਲਈ ਸਵਾ ਮੀਟਰ ਚੌੜਾਈ ਦੀਆਂ ਕਿਆਰੀਆਂ ਜੋ ਜ਼ਮੀਨ ਤੋਂ 15 ਸੈਂਟੀਮੀਟਰ ਉੱਚੀਆਂ ਹੋਣ ਬਣਾ ਲੈਣੀਆਂ ਚਾਹੀਦੀਆਂ ਹਨ। ਕਿਆਰੀਆਂ ਬਣਾਉਣ ਉਪਰੰਤ ਜ਼ਮੀਨ ਦੀ ਕਹੀ ਜਾਂ ਖੁਰਪੇ ਨਾਲ ਪੋਲਾ ਕਰ ਲਉ। ਜੇਕਰ ਮੱਲ੍ਹੜ ਪਾਉਣ ਦੀ ਲੋੜ ਹੋਵੇ ਤਾਂ ਧਿਆਨ ਰੱਖੋ ਕਿ ਇਹ ਚੰਗੀ ਤਰ੍ਹਾਂ ਗਲਿਆ ਸੜਿਆ ਹੋਵੇ ਅਤੇ ਜ਼ਮੀਨ ਵਿੱਚ ਚੰਗੀ ਤਰ੍ਹਾਂ ਮਿਲਾ ਲਉ। ਇਸ ਤੋਂ ਬਾਅਦ ਜ਼ਮੀਨ ਨੂੰ ਫਾਰਮਾਲੀਨ ਦਵਾਈ ਦੇ 1.5-2.0 ਫੀਸਦੀ ਤਾਕਤ ਦੇ ਘੋਲ ਨਾਲ ਸੋਧ ਲਉ। ਇਸ ਵਾਸਤੇ 15-20 ਮਿਲੀਲੀਟਰ ਦਵਾਈ ਤਕਰੀਬਨ

ਬਾਕੀ ਸਫਾ 14 'ਤੇ

| ਕੀੜੇ-ਮਕੌੜੇ, ਬਿਮਾਰੀਆਂ ਅਤੇ ਇਨ੍ਹਾਂ ਦੀ ਰੋਕਥਾਮ | |
|---|---|
| **ਹਮਲੇ ਦੀਆਂ ਨਿਸ਼ਾਨੀਆਂ** | **ਰੋਕਥਾਮ** |
| **ਥਰਿਪ, ਪੀਲੀ ਜੂੰ, ਚੇਪਾ ਅਤੇ ਚਿੱਟੀ ਮੱਖੀ** : ਇਹ ਮਿਰਚ ਲਈ ਹਾਨੀਕਾਰਕ ਕੀੜੇ ਹਨ। | 400 ਮਿਲੀਲੀਟਰ ਮੈਲਾਥੀਅਨ 50 ਈ ਸੀ ਨੂੰ 100-125 ਲੀਟਰ ਪਾਣੀ ਵਿੱਚ ਘੋਲ ਕੇ 15-20 ਦਿਨਾਂ ਦੇ ਵਕਫੇ ਤੇ ਛਿੜਕੋ। |
| **ਫਲ ਗਲਣਾ ਅਤੇ ਟਹਿਣੀਆਂ ਦਾ ਸੁੱਕਣਾ** : ਜਿਉਂ ਹੀ ਫਲ ਪੱਕਣਾ ਸ਼ੁਰੂ ਹੁੰਦਾ ਹੈ ਤਾਂ ਫਲਾਂ ਵਾਲੀਆਂ ਟਹਿਣੀਆਂ ਦੇ ਸਿਰੇ ਸੁੱਕਣੇ ਸ਼ੁਰੂ ਹੋ ਜਾਂਦੇ ਹਨ। ਗੂੜ੍ਹੇ, ਕਾਲੇ, ਡੂੰਘੇ, ਧੱਬੇ ਫਲਾਂ ਉੱਤੇ ਨਜ਼ਰ ਆਉਂਦੇ ਹਨ ਜੋ ਗੁਲਾਬੀ ਭਾਅ ਮਾਰਦੇ ਹਨ। | ਬੀਜਣ ਤੋਂ ਪਹਿਲਾਂ ਬੀਜ ਨੂੰ 2 ਗ੍ਰਾਮ ਥੀਰਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧੋ। ਫਸਲ ਤੇ 750 ਗ੍ਰਾਮ ਇੰਡੋਫਿਲ ਐਮ 45 ਜਾਂ ਬਲਾਈਟੌਕਸ ਨੂੰ 250 ਲੀਟਰ ਪਾਣੀ ਵਿੱਚ ਪ੍ਰਤੀ ਏਕੜ ਤੇ ਛਿੜਕਾਅ ਕਰੋ। ਪਹਿਲਾ ਛਿੜਕਾਅ ਬਿਮਾਰੀ ਸ਼ੁਰੂ ਹੋਣ ਤੇ (ਜੁਲਾਈ ਦੇ ਪਹਿਲੇ ਹਫਤੇ) ਅਤੇ ਇਸ ਤੋਂ ਬਾਅਦ ਤਿੰਨ ਛਿੜਕਾਅ ਕਰੋ। |
| **ਸਿਲ੍ਹਾਭ ਨਾਲ ਗਲਣਾ** : ਇਸ ਰੋਗ ਦਾ ਨਵੀਆਂ ਟਾਹਣੀਆਂ, ਫੁੱਲਾਂ ਅਤੇ ਫਲਾਂ ਤੇ ਹਮਲਾ ਹੁੰਦਾ ਹੈ ਜਿਸ ਨਾਲ ਗਲੇ ਹੋਏ ਹਿੱਸਿਆਂ ਤੇ ਉੱਲੀ ਦੇ ਕਾਲੇ ਬਾਰੀਕ ਕਣ ਦਿਖਾਈ ਦਿੰਦੇ ਹਨ। ਇਹ ਬਿਮਾਰੀ ਭਾਰੀ ਵਰਖਾ ਪਿਛੋਂ ਬੜੀ ਭਿਆਨਕ ਹੁੰਦੀ ਹੈ। | ਬੀਜਣ ਤੋਂ ਪਹਿਲਾਂ ਬੀਜ ਨੂੰ 2 ਗ੍ਰਾਮ ਥੀਰਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧੋ। ਫਸਲ ਤੇ 750 ਗ੍ਰਾਮ ਇੰਡੋਫਿਲ ਐਮ 45 ਜਾਂ ਬਲਾਈਟੌਕਸ ਨੂੰ 250 ਲੀਟਰ ਪਾਣੀ ਵਿੱਚ ਏਕੜ ਘੋਲ ਕੇ 10 ਦਿਨ ਦੇ ਵਕਫੇ ਦੇ ਛਿੜਕਾਅ ਕਰੋ। ਪਹਿਲਾ ਛਿੜਕਾਅ ਬਿਮਾਰੀ ਸ਼ੁਰੂ ਹੋਣ ਤੇ (ਜੁਲਾਈ ਦੇ ਪਹਿਲੇ ਹਫਤੇ) ਅਤੇ ਇਸ ਤੋਂ ਬਾਅਦ ਤਿੰਨ ਛਿੜਕਾਅ ਕਰੋ। |
| **ਠੂਠੀ ਰੋਗ** : ਇਸ ਵਿਸ਼ਾਣੂੰ ਰੋਗ ਨਾਲ ਪੱਤੇ ਥੱਲੇ ਨੂੰ ਮੁੜ ਜਾਂਦੇ ਹਨ। ਨਾੜੀਆਂ ਫੁੱਲ ਜਾਂਦੀਆਂ ਹਨ। ਬੂਟੇ ਝਾੜੀਆਂ ਵਾਂਗ ਬਣ ਜਾਂਦੇ ਹਨ। ਫੁੱਲ ਅਤੇ ਫਲ ਨਹੀਂ ਲੱਗਦੇ। ਇਹ ਬਿਮਾਰੀ ਚਿੱਟੀ ਮੱਖੀ ਰਾਹੀਂ ਫੈਲਦੀ ਹੈ। | ਰੋਗੀ ਬੂਟੇ ਪਹਿਲੀ ਨਿਸ਼ਾਨੀ ਦਿਸਦਿਆਂ ਹੀ ਪੁੱਟ ਕੇ ਨਸ਼ਟ ਕਰ ਦਿਉ। ਬੂਟਿਆਂ ਨੂੰ ਨਰਸਰੀ ਅਤੇ ਖੇਤ ਵਿੱਚ ਚਿੱਟੀ ਮੱਖੀ ਤੋਂ ਬਚਾਉਣ ਲਈ 400 ਮਿਲੀਲੀਟਰ ਮੈਲਾਥੀਆਨ 50 ਈ ਸੀ ਪ੍ਰਤੀ ਏਕੜ ਦੇ ਹਿਸਾਬ ਨਾਲ 100 ਤੋਂ 125 ਲੀਟਰ ਪਾਣੀ ਵਿੱਚ ਘੋਲ ਕੇ 15-20 ਦਿਨ ਦੇ ਵਕਫੇ 'ਤੇ ਛਿੜਕਾਉ। |
| **ਚਿਤਕਬਰਾ ਰੋਗ** : ਪੱਤਿਆਂ ਉੱਤੇ ਗੂੜ੍ਹੇ ਹਰੇ ਅਤੇ ਹਲਕੇ ਹਰੇ ਰੰਗ ਦੇ ਚਟਾਖ ਪੈ ਜਾਂਦੇ ਹਨ। ਪੱਤੇ ਛੋਟੇ ਅਤੇ ਬੇਢੰਗੇ ਹੋ ਜਾਂਦੇ ਹਨ। ਬਾਅਦ ਵਿੱਚ ਪੀਲੇ ਪੈ ਜਾਂਦੇ ਹਨ। ਇਹ ਰੋਗ ਤੇਲੇ ਰਾਹੀਂ ਫੈਲਦਾ ਹੈ। | ਰੋਗੀ ਬੂਟਿਆਂ ਨੂੰ ਪੁੱਟ ਕੇ ਨਸ਼ਟ ਕਰੋ। ਬੀਜ ਰੋਗ ਰਹਿਤ ਬੂਟਿਆਂ ਤੋਂ ਹੀ ਲਉ। ਬੂਟਿਆਂ ਨੂੰ ਘੱਟ ਤੋਂ ਘੱਟ ਛੂਹਣਾ ਚਾਹੀਦਾ ਹੈ। ਤੇਲੇ ਦੀ ਰੋਕਥਾਮ ਲਈ ਮੈਲਾਥੀਆਨ 50 ਈ ਸੀ 400 ਮਿਲੀਲੀਟਰ ਨੂੰ ਪ੍ਰਤੀ ਏਕੜ ਦੇ ਹਿਸਾਬ 100-125 ਲੀਟਰ ਪਾਣੀ ਵਿੱਚ ਘੋਲ ਕੇ 15-20 ਦਿਨ ਦੇ ਵਕਫੇ ਦੇ ਛਿੜਕੋ। |

# ਸਬਜ਼ੀਆਂ ਵਿਚ ਖੁਰਾਕੀ ਤੱਤਾਂ ਦੀ ਘਾਟ ਦੀ ਪਛਾਣ ਅਤੇ ਰੋਕਥਾਮ

ਬਲਵੀਰ ਕੌਰ, ਉਪਿੰਦਰ ਸੰਧੂ ਅਤੇ ਸੰਜੀਵ ਕੁਮਾਰ ਕਟਾਰੀਆ, ਕ੍ਰਿਸ਼ੀ ਵਿਗਿਆਨ ਕੇਂਦਰ, ਨੂਰਮਹਿਲ (ਜਲੰਧਰ)
ਮੋ. 94636-12320

ਹਰ ਇਕ ਫਸਲ ਦੇ ਵਾਧੇ ਲਈ ਹਵਾ, ਪਾਣੀ, ਧੁੱਪ ਅਤੇ ਸਹੀ ਤਾਪਮਾਨ ਤੋਂ ਇਲਾਵਾ ਵੱਡੇ ਅਤੇ ਛੋਟੇ ਤੱਤਾਂ ਦੀ ਜ਼ਰੂਰਤ ਹੁੰਦੀ ਹੈ । ਵੱਡੇ ਤੱਤਾਂ ਦੀ ਸ਼੍ਰੇਣੀ ਵਿਚ ਆਕਸੀਜਨ, ਕਾਰਬਨ, ਹਾਈਡਰੋਜਨ, ਨਾਈਟਰੋਜਨ, ਫਾਸਫੋਰਸ, ਪੋਟਾਸ਼ੀਅਮ, ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਗੰਧਕ ਆਉਂਦੇ ਹਨ । ਇਹ ਸਾਰੇ ਖੁਰਾਕੀ ਤੱਤ ਬੂਟੇ ਦੇ ਵਾਧੇ ਅਤੇ ਵਧੀਆ ਝਾੜ ਲਈ ਬਹੁਤ ਹੀ ਮਹੱਤਵਪੂਰਨ ਹਨ ।

**ਨਾਈਟਰੋਜਨ** : ਫੁੱਲ ਗੋਭੀ, ਮੂਲੀ, ਗਾਜਰ, ਭਿੰਡੀ ਅਤੇ ਮਿਰਚ ਵਿਚ ਨਾਈਟਰੋਜਨ ਤੱਤ ਦੀ ਘਾਟ ਦੇਖਣ ਨੂੰ ਮਿਲਦੀ ਹੈ । ਇਸ ਤੱਤ ਦੀ ਘਾਟ ਦੀਆਂ ਨਿਸ਼ਾਨੀਆਂ ਸਭ ਤੋਂ ਪਹਿਲਾਂ ਪੁਰਾਣੇ ਪੱਤਿਆਂ ਉੱਪਰ ਦਿਖਾਈ ਦਿੰਦੀਆਂ ਹਨ । ਸਭ ਤੋਂ ਪਹਿਲਾਂ ਪੱਤਾ ਨੋਕ ਤੋਂ ਪੀਲਾ ਪੈਣਾ ਸ਼ੁਰੂ ਹੋ ਜਾਂਦਾ ਹੈ ਅਤੇ ਬਾਅਦ ਵਿਚ ਪੀਲਾਤਨ ਪੱਤੇ ਦੀ ਮੁੱਖ ਨਾੜੀ ਦੇ ਨਾਲ-ਨਾਲ ਵੱਧਦੀ ਹੋਈ ਪੱਤੇ ਦੇ ਮੁੱਢ ਤੱਕ ਪਹੁੰਚ ਜਾਂਦੀ ਹੈ । ਬੂਟਿਆਂ ਦਾ ਵਾਧਾ ਰੁੱਕ ਜਾਂਦਾ ਹੈ ਅਤੇ ਬੂਟੇ ਨੂੰ ਸ਼ਾਖਾਵਾਂ ਅਤੇ ਫਲ-ਫੁੱਲ ਘੱਟ ਲੱਗਦੇ ਹਨ । ਪੌਦਿਆਂ ਦਾ ਕੂਲਾਪਣ ਘੱਟ ਜਾਂਦਾ ਹੈ ।

**ਰੋਕਥਾਮ** : ਫਸਲ ਦੀ ਸਿਫਾਰਸ਼ ਕੀਤੀ ਰੂੜੀ ਅਤੇ ਨਾਈਟਰੋਜਨ ਦੀ ਖਾਦ ਸਹੀ ਮਾਤਰਾ ਵਿਚ ਸਹੀ ਸਮੇਂ ਤੇ ਵਰਤੋਂ ਕਰੋ ।

**ਫਾਸਫੋਰਸ** : ਸਰਦੀਆਂ ਦੇ ਮੌਸਮ ਵਿਚ ਗਾਜਰ, ਫੁੱਲ ਗੋਭੀ, ਪੱਤਾ ਗੋਭੀ ਅਤੇ ਧਨੀਆ ਵਿਚ ਫਾਸਫੋਰਸ ਦੀ ਘਾਟ ਦੀਆਂ ਨਿਸ਼ਾਨੀਆਂ ਪਾਈਆਂ ਜਾਂਦੀਆਂ ਹਨ, ਕਿਉਂਕਿ ਸਰਦੀਆਂ ਵਿਚ ਬੂਟੇ ਨੂੰ ਜ਼ਮੀਨ ਵਿੱਚੋ ਫਾਸਫੋਰਸ ਦੀ ਉਪਲੱਬਧਤਾ ਘੱਟ ਜਾਂਦੀ ਹੈ । ਇਸ ਤੱਤ ਦੀ ਘਾਟ ਨਾਲ ਬੂਟੇ ਦੇ ਪੁਰਾਣੇ ਪੱਤੇ ਗੂੜ੍ਹੇ ਹਰੇ ਹੋ ਕੇ ਬਾਅਦ ਵਿਚ ਨੁੱਕਰਾਂ ਤੋਂ ਜਾਮਣੀ ਰੰਗ ਦੇ ਹੋਣੇ ਸ਼ੁਰੂ ਹੋ ਜਾਂਦੇ ਹਨ । ਜਿਸ ਨਾਲ ਹੌਲੀ ਹੌਲੀ ਸਾਰੇ ਪੱਤੇ ਵਿਚ ਮੁੱਢ ਤੱਕ ਜਾਮਣੀਪਣ ਆ ਜਾਂਦਾ ਹੈ । ਜ਼ਿਆਦਾ ਘਾਟ ਹੋਣ ਦੀਆਂ ਹਾਲਤਾਂ ਵਿਚ ਪੂਰਾ ਹੀ ਜਾਮਣੀ ਹੋ ਜਾਂਦਾ ਹੈ ਅਤੇ ਬੂਟੇ ਦਾ ਵਾਧਾ ਰੁੱਕ ਜਾਂਦਾ ਹੈ ।

**ਰੋਕਥਾਮ** : ਫਸਲ ਮੁਤਾਬਕ ਸਿਫਾਰਸ਼ ਕੀਤੀ ਹੋਈ ਫਾਸਫੋਰਸ ਖਾਦ ਖਾਦ ਸਹੀ ਮਾਤਰਾ ਜ਼ਮੀਨ ਵਿਚ ਬਿਜਾਈ ਸਮੇਂ ਪਾਓ । ਫਾਸਫੋਰਸ ਖਾਦਾਂ ਦੀ ਘੁੱਲਣਸ਼ੀਲਤਾ ਘੱਟ ਹੋਣ ਕਰਕੇ ਇਹਨਾਂ ਦੀ ਵਰਤੋਂ ਬੀਜ/ਬੂਟੇ ਦੀਆਂ ਜੜ੍ਹਾ ਦੇ ਨੇੜੇ ਕਰੋ ।

**ਪੋਟਾਸ਼ੀਅਮ** : ਆਲੂ ਅਤੇ ਭਿੰਡੀ ਵਿਚ ਇਸ ਤੱਤ ਦੀ ਘਾਟ ਪਾਈ ਜਾਂਦੀ ਹੈ, ਜਿਸ ਨਾਲ ਪੁਰਾਣੇ ਪੱਤਿਆਂ ਦੇ ਕੰਢੇ ਅਤੇ ਨੁੱਕਰਾਂ ਪੀਲੀਆਂ ਹੋ ਜਾਦੀਆਂ ਹਨ । ਇਹ ਪੀਲਾਪਣ ਪੱਤੇ ਦੇ ਮੁੱਢ ਵੱਲ ਵੱਧਦਾ ਹੈ । ਜਿਵੇਂ ਜਿਵੇਂ ਪੀਲਾ ਪਣ ਵੱਧਦਾ ਹੈ, ਪੱਤੇ ਦਾ ਪਹਿਲਾਂ ਪੀਲਾ



ਪਿਆ ਹਿੱਸਾ ਭੂਰਾ ਹੋ ਜਾਂਦਾ ਹੈ ਜੋ ਕਿ ਪੱਤੇ ਤੇ ਸੜ੍ਹ ਦੀ ਤਰ੍ਹਾਂ ਲੱਗਦਾ ਹੈ । ਜ਼ਿਆਦਾ ਘਾਟ ਦੀਆਂ ਹਾਲਤਾਂ ਵਿਚ ਪੁਰਾਣੇ ਅਤੇ ਪੱਤੇ ਭੂਰੇ ਹੋ ਜਾਂਦੇ ਹਨ । ਪੱਤਿਆਂ ਦੇ ਕੰਢੇ ਹੇਠਾਂ ਦਾ ਉੱਪਰ ਵੱਲ ਨੂੰ ਮੁੜ ਜਾਂਦੇ ਹਨ ।

**ਰੋਕਥਾਮ** : ਫਸਲ ਮੁਤਾਬਕ ਬਿਜਾਈ ਸਮੇਂ ਪੋਟਾਸ਼ੀਅਮ ਵਾਲੀ ਖਾਦ ਦੀ ਸਿਫਾਰਸ਼ ਮਾਤਰਾ ਪਾਓ ।

**ਗੰਧਕ** : ਮਟਰ ਅਤੇ ਮਿਰਚਾਂ ਵਿਚ ਗੰਧਕ ਦੀ ਘਾਟ ਦੀਆਂ ਨਿਸ਼ਾਨੀਆਂ ਦੇਖਣ ਨੂੰ ਮਿਲਦੀਆਂ ਹਨ । ਇਸ ਤੱਤ ਦੀ ਘਾਟ ਸਭ ਤੋਂ ਪਹਿਲਾਂ ਨਵੇਂ ਪੱਤਿਆਂ ਤੇ ਆਉਂਦੀ ਹੈ, ਜੋ ਕਿ ਹਲਕੇ ਹਰੇ ਤੋਂ ਪੀਲੇ ਹੋ ਜਾਂਦੇ ਹਨ । ਜਦ ਕਿ ਪੱਤਿਆਂ ਦੀਆਂ ਹਰੀਆਂ ਹੀ ਰਹਿੰਦੀਆਂ ਹਨ । ਬੂਟੇ ਦੀ ਘਾਟ ਵੱਧਣ ਦੇ ਹਾਲਤਾਂ ਵਿਚ ਪੂਰਾ ਪੱਤਾ ਹੀ ਪੀਲਾ ਪੈ ਜਾਂਦਾ ਹੈ । ਕਈ ਵਾਰ ਪੱਤੇ ਦੀ ਮੁੱਢ ਨਾੜ ਉੱਭਰੀ ਹੋਈ ਨਜ਼ਰ ਆਉਂਦੀ ਹੈ । ਬੂਟੇ ਕਮਜ਼ੋਰ ਹੋ ਜਾਂਦੇ ਹਨ ਅਤੇ ਇਹਨਾਂ ਦਾ ਪੂਰਾ ਵਾਧਾ ਨਹੀਂ ਹੁੰਦਾ, ਜਿਸ ਨਾਲ ਝਾੜ ਤੇ ਮਾੜਾ ਅਸਰ ਪੈਂਦਾ ਹੈ ।

**ਰੋਕਥਾਮ** : ਘਾਟ ਵਾਲੀਆਂ ਜ਼ਮੀਨਾਂ ਵਿਚ ਸਿੰਗਲ ਸੁਪਰ ਫਾਸਫੇਰਸ ਦੀ ਵਰਤੋਂ ਨੂੰ ਤਰਜੀਹ ਦਿਓ । ਬਿਜਾਈ ਵੇਲੇ 50-100 ਕਿਲੋ ਜਿਪਸਮ ਪ੍ਰਤੀ ਏਕੜ ਦੀ ਵਰਤੋਂ ਕਰੋ ਤਾਂ ਜੋ ਇਸ ਘਾਟ ਤੋਂ ਬਚਿਆ ਜਾ ਸਕੇ ।

**ਮੈਂਗਨੀਜ** : ਫੁੱਲ ਗੋਭੀ, ਮੂਲੀ ਅਤੇ ਧਨੀਏ ਵਿਚ ਮੈਂਗਨੀਜ ਦੀ ਘਾਟ ਨਾਲ ਨਵੇਂ ਪੱਤਿਆਂ ਉੱਪਰ ਨਾੜੀਆਂ ਵਿਚਕਾਰਲਾ ਹਿੱਸਾ ਪੀਲਾ ਪੈ ਜਾਂਦਾ ਹੈ । ਜਦ ਕਿ ਨਾੜੀਆਂ ਹਰੀਆਂ ਹੀ ਰਹਿੰਦੀਆਂ ਹਨ । ਬਾਅਦ ਵਿਚ ਪੀਲੇ ਹਿੱਸੇ ਵਿਚ ਭੂਰੇ ਲਾਲ ਜਾਂ ਭੂਰੇ ਕਾਲੇ ਜਾਂ ਸਲੇਟੀ ਗੁਲਾਬੀ ਰੰਗ ਦੇ ਧੱਬੇ ਪੈ ਜਾਂਦੇ ਹਨ । ਜ਼ਿਆਦਾ ਘਾਟ ਵਿਚ ਧੱਬਿਆਂ ਵਾਲਾ ਹਿੱਸਾ ਮਰ ਜਾਂਦਾ ਹੈ ।

**ਰੋਕਥਾਮ** : ਇਸ ਤੱਤ ਦੀ ਘਾਟ ਦੀ ਰੋਕਥਾਮ ਲਈ 0.2-0.5 ਪ੍ਰਤੀਸ਼ਤ ਮੈਂਗਨੀਜ ਸਲਫੇਟ (200-500 ਗ੍ਰਾਮ/100 ਲਿਟਰ ਪਾਣੀ) ਦੇ ਘੋਲ ਦਾ ਛਿੜਕਾਅ ਕਰੋ । ਹਫਤੇ ਹਫਤੇ ਬਾਅਦ 2 ਤੋਂ 4 ਛਿੜਕਾਅ ਘਾਟ ਅਨੁਸਾਰ ਕਰੋ ।

**ਲੋਹਾ** : ਇਸ ਤੱਤ ਦੀ ਘਾਟ ਜ਼ਿਆਦਾਤਰ ਮਿਰਚ ਵਿੱਚ ਵੇਖਣ ਨੂੰ ਮਿਲਦੀ ਹੈ । ਇਸ ਤੱਤ ਦੀ ਘਾਟ ਨਾਲ ਨਵੇਂ ਪੱਤਿਆਂ ਦੀਆਂ ਨਾੜੀਆਂ ਵਿਚਕਾਰਲਾ ਹਿੱਸਾ ਪੀਲਾ ਪੈ ਜਾਂਦਾ ਹੈ । ਜਦ ਕਿ ਪੁਰਾਣੇ ਪੱਤੇ ਹਰੇ ਹੀ ਰਹਿੰਦੇ ਹਨ । ਇਸ ਤੱਤ ਦੀ ਘਾਟ ਵੱਧਣ ਨਾਲ ਨਵੇਂ ਪੱਤਿਆਂ ਦੀਆਂ ਨਾੜੀਆਂ ਵੀ ਪੀਲੀਆਂ ਪੈ ਜਾਂਦੀਆਂ ਹਨ । ਜੇਕਰ ਘਾਟ ਬਹੁਤ ਜ਼ਿਆਦਾ ਹੋ ਜਾਵੇ ਤੇ ਨਵੇਂ ਨਿਕਲੇ ਪੱਤਿਆਂ ਵਿਚ ਹਰਾ ਪਣ ਬਿਲਕੁਲ ਖਤਮ ਹੋ ਜਾਂਦਾ ਹੈ ਅਤੇ ਚਿੱਟੇ ਪੱਤੇ ਨਿਕਲਣ ਲੱਗ ਪੈਂਦੇ ਹਨ ।

**ਰੋਕਥਾਮ** : ਇਸ ਦੀ ਘਾਟ ਦੀ ਪੂਰਤੀ ਲਈ 0.2-0.5 ਪ੍ਰਤੀਸ਼ਤ ਫੈਰਸ ਸਲਫੇਟ (200-500 ਗ੍ਰਾਮ/100 ਲਿਟਰ ਪਾਣੀ) ਦੇ ਘੋਲ ਦਾ ਛਿੜਕਾਅ ਕਰੋ । ਇਸ ਘੋਲ ਦੇ 2-3 ਛਿੜਕਾਅ ਹਫਤੇ ਹਫਤੇ ਤੇ ਘਾਟ ਅਨੁਸਾਰ ਕਰੋ ।

ਕਿਸਾਨ ਵੀਰਾਂ ਨੂੰ ਮਿੱਟੀ ਦੀ ਪਰਖ ਜ਼ਰੂਰ ਕਰਵਾਉਣੀ ਚਾਹੀਦੀ ਹੈ, ਤਾਂ ਜੋ ਮਿੱਟੀ ਦੇ ਸਿਹਤ ਬਾਰੇ ਅਤੇ ਇਸ ਦੀ ਘਾਟ ਆਉਣ ਵਾਲੇ ਤੱਤਾਂ ਦਾ ਪਤਾ ਲਗਾ ਕੇ ਉਹਨਾਂ ਦੀ ਸਹੀ ਸਮੇਂ ਤੇ ਪੂਰਤੀ ਕਰਕੇ ਫਸਲ ਨੂੰ ਤੱਤਾਂ ਦੀ ਘਾਟ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਇਆ ਜਾ ਸਕੇ ।

ਬਾਕੀ ਸਫਾ 3 ਦੀ

# ਕਿਸਾਨਾਂ ਭਰਾਵਾਂ ਲਈ ਇਸ ਹਫਤੇ ਦੇ ਖੇਤੀ ਰੁਝੇਵੇਂ

ਇਹਨਾਂ ਨੂੰ ਇਕਦਮ ਪੂਰਾ ਨਾ ਉਤਾਰੋ । ਬੂਟਿਆਂ ਨੂੰ ਹਲਕੀਆਂ ਸਿੰਚਾਈਆਂ ਵੀ ਕੀਤੀਆਂ ਜਾ ਸਕਦੀਆਂ ਹਨ । ਤਾਪਮਾਨ ਵਿਚ ਵਾਧਾ ਹੋਣ ਦੇ ਨਾਲ, ਫਲਦਾਰ ਬੂਟਿਆਂ ਖਾਸ ਕਰਕੇ ਆੜੂ ਵਿਚ ਨਵੀਂ ਫੁਟਾਰ ਸ਼ੁਰੂ ਹੋ ਰਹੀ ਹੈ ਇਸ ਲਈ ਇਸ ਫੁਟਾਰੇ ਤੇ ਰਸ ਚੂਸਣ ਵਾਲੇ ਕੀੜਿਆਂ ਦੇ ਹਮਲੇ ਸਬੰਧੀ ਸੁਚੇਤ ਅਤੇ ਬੂਟਿਆਂ ਦਾ ਲਗਾਤਾਰ ਨਿਰੀਖਣ ਕਰਦੇ ਰਹੋ । ਬੇਰਾਂ ਉਪਰ ਇਸ ਸਮੇਂ ਭਰਵਾਂ ਫਲ ਲੱਗਿਆ ਹੋਇਆ ਹੈ ਇਸ ਲਈ ਮੌਸਮ ਸਾਫ ਹੋਣ ਤੇ ਇਸ ਮਹੀਨੇ ਇਕ ਸਿੰਚਾਈ ਜ਼ਰੂਰ ਕਰੋ । ਮੌਸਮ ਸਾਫ ਤੇ ਨਿੰਬੂ ਜਾਤੀ, ਆੜੂ ਅਤੇ ਅਲੂਚੇ ਦੇ ਬਾਗਾਂ ਨੂੰ ਹਲਕਾ ਪਾਣੀ ਲਗਾਓ ਅਤੇ ਸਿਫਾਰਿਸ਼ਾਂ ਮੁਤਾਬਿਕ ਰਸਾਇਣਕ ਖਾਦਾਂ ਪਾਓ । ਨਿੰਬੂ ਜਾਤੀ ਦੇ ਬੂਟਿਆਂ ਦਾ ਸਿੱਟਰਸ ਸਿੱਲਾ ਕਾਬੂ ਕਰਨ ਲਈ 200 ਮਿਲੀਲਿਟਰ ਕਰੋਕੋਡਾਈਲ / ਕੰਨਫੀਡੋਰ ਜਾਂ 160 ਗ੍ਰਾਮ ਐਕਟਾਰਾ/ਦੋਤਾਰਾ ਜਾਂ 6.25 ਲਿਟਰ ਮੈਕ ਐਚ ਐਮ ਓ ਨੂੰ 500 ਲਿਟਰ ਪਾਣੀ ਵਿਚ ਘੋਲ ਕੇ ਫੁੱਲ ਆਉਣ ਤੋਂ ਪਹਿਲਾਂ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

**ਸਬਜ਼ੀਆਂ** : ਸੁਰੰਗਾਂ ਹੇਠ ਤਿਆਰ ਕੀਤੀਆਂ ਸਬਜ਼ੀਆਂ ਉਪਰੋਂ ਪਲਾਸਟਿਕ ਦੀ ਸ਼ੀਟਾਂ ਨੂੰ ਉਤਾਰ ਦਿਓ । ਮਿਰਚ, ਟਮਾਟਰ, ਬੈਂਗਣ ਅਤੇ ਅਗੇਤੀ ਪਲਾਸਟਿਕ ਦੇ ਲਿਫਾਫਿਆਂ ਵਿਚ ਤਿਆਰ ਕੀਤੀਆਂ ਵੇਲਾਂ ਵਾਲੀਆਂ ਸਬਜ਼ੀਆਂ ਦੀ ਪਨੀਰੀ ਨੂੰ ਖੇਤ ਵਿਚ ਲਗਾ ਦਿਓ । ਇਹ ਸਮਾਂ ਭਿੰਡੀ, ਲੋਬੀਆ ਅਤੇ ਵੇਲਾਂ ਵਾਲੀਆਂ ਸਬਜ਼ੀਆਂ ਜਿਵੇਂ ਕਿ ਖਰਬੂਜਾ, ਖੀਰਾ, ਘੀਆ, ਹਲਵਾ ਕੱਦੂ, ਕਾਲੀ ਤੋਰੀ, ਤਰ, ਬੰਗਾ ਆਦਿ ਦੀ ਬੀਜਾਈ ਲਈ ਢੁਕਵਾਂ ਹੈ ।



**ਪਸ਼ੂ ਪਾਲਣ** : ਛੋਟੇ ਕੱਟੜੂ/ਵੱਛੜੂ ਇਸ ਸਮੇਂ ਬੁਖਾਰ ਅਤੇ ਨਿਮੋਨੀਆ ਦਾ ਸ਼ਿਕਾਰ ਹੋ ਜਾਂਦੇ ਹਨ ਸੋ ਉਨ੍ਹਾਂ ਨੂੰ ਠੰਡ ਦੇ ਤਨਾਅ (ਹਾਈਪੋਥਰਮੀਆ) ਤੋਂ ਬਚਾਉਣ ਲਈ ਗਰਮ ਕੰਬਲ, ਬਲਬ, ਲੈਂਪ ਅਤੇ ਹੀਟਰ ਆਦਿ ਦਾ ਇੰਤਜਾਮ ਕਰਨਾ ਚਾਹੀਦਾ ਹੈ । ਉਨ੍ਹਾਂ ਲਈ ਲੋੜੀਂਦੀ ਮਾਤਰਾ ਵਿਚ ਕਾਫ ਸਟਾਰਟਰ ਅਤੇ ਮਿਲਕ ਰਿਪਲੇਸਰ ਦਾ ਇੰਤਜ਼ਾਮ ਵੀ ਹੋਣਾ ਚਾਹੀਦਾ ਹੈ । ਇਹ ਵੀ ਧਿਆਨ ਦਿਓ ਕਿ 3 ਮਹੀਨੇ ਤੋਂ ਘੱਟ ਉਮਰ ਦੇ ਵੱਛੜੂ ਦੀ ਖੁਰਾਕ ਵਿਚ ਵਾਰ ਵਾਰ ਤਬਦੀਲੀ ਨਾ ਕੀਤੀ ਜਾਵੇ । ਪਸ਼ੂਆਂ ਨੂੰ ਗਿੱਲੀ ਥਾਂ ਤੇ ਰੱਖਣ ਤੋਂ ਪਰਹੇਜ਼ ਕਰੋ ਅਤੇ ਨਾਲ ਹੀ ਉਨ੍ਹਾਂ ਨੂੰ ਅੱਗ ਦੇ ਧੂੰਏਂ ਤੋਂ ਬਚਾਓ ਤੋਂ ਗਰਮੀ ਪ੍ਰਦਾਨ ਕਰਨ ਲਈ ਜਗਾਈ ਜਾਂਦੀ ਹੈ । ਨਮੀਂ ਅਤੇ ਧੂੰਏਂ ਕਾਰਨ ਉਨ੍ਹਾਂ ਨੂੰ ਨਿਮੂਨੀਆ ਹੋਣ ਦਾ ਖਤਰਾ ਵੱਧ ਜਾਂਦਾ ਹੈ । ਸਮੇਂ ਸਮੇਂ ਪਸ਼ੂਆਂ ਲਈ ਵਿਛਾਈ ਸੁੱਕ ਬਦਲੋ ਅਤੇ ਉਨ੍ਹਾਂ ਨੂੰ ਮਲ੍ਹੱਪਾਂ ਦੀ ਦਵਾਈ ਦਿਓ ।

ਬਾਕੀ ਸਫਾ 13 ਦੀ

# ਮਿਰਚਾਂ ਦੀ ਸਫਲ ਕਾਸ਼ਤ ਲਈ ਸਿਫਾਰਸ਼ਾਂ

ਇਕ ਲੀਟਰ ਪਾਣੀ ਵਿੱਚ ਪਾਉ । ਇਹ ਘੋਲ ਤਕਰੀਬਨ 4-5 ਲੀਟਰ ਪ੍ਰਤੀ ਵਰਗ ਮੀਟਰ ਪਾਉ ਤਾਂ ਜੋ ਮਿੱਟੀ ਦੀ ਤਕਰੀਬਨ 6 ਇੰਚ ਤਹਿ ਗੜੁੱਚ ਹੋ ਜਾਵੇ । ਇਸ ਤੋਂ ਬਾਅਦ ਕਿਆਰੀਆਂ ਨੂੰ ਪੋਲੀਥੀਨ ਨਾਲ 48-72 ਘੰਟੇ ਲਈ ਚੰਗੀ ਤਰ੍ਹਾਂ ਢੱਕ ਦਿਉ । ਇਸ ਤੋਂ ਬਾਅਦ ਮਿੱਟੀ ਨੂੰ ਦੁਬਾਰਾ ਖੁਰਪੇ ਨਾਲ ਪੋਲਾ ਕਰੋ ਤਾਂ ਜੋ ਦਵਾਈ ਵਾਸ਼ਪੀਕਰਨ ਦੁਆਰਾ ਹਵਾ ਵਿੱਚ ਚਲੀ ਜਾਵੇ ਅਤੇ ਬੂਟੇ ਦੀ ਉੱਗਣ ਸ਼ਕਤੀ ਨੂੰ ਨਾ ਘਟਾਵੇ । ਇਸ ਤੋਂ 3-4 ਦਿਨਾਂ ਬਾਅਦ ਕੀਤੀ ਜਾ ਸਕਦੀ ਹੈ । ਬਿਜਾਈ ਚੌੜੇ ਰੁੱਖ ਕਤਾਰਾਂ ਵਿੱਚ 5 ਸੈਂਟੀਮੀਟਰ ਦੇਫਾਸਲੇ ਤੇ ਕਰੋ । ਮਿਰਚਾਂ ਦੇ ਦੋਗਲੇ ਬੀਜ ਤੋਂ ਕਾਮਯਾਬੀ ਨਾਲ ਸਿਹਤਮੰਦ ਬੂਟੇ ਤਿਆਰ ਕਰਨ ਲਈ ਪਨੀਰੀ ਨੂੰ ਪੋਲੀ ਹਾਊਸ (24'/13'/6') ਵਿੱਚ ਉਗਾਇਆ ਜਾ ਸਕਦਾ ਹੈ ।

**ਪਨੀਰੀ ਬੀਜਣ ਦਾ ਸਮਾਂ ਪਨੀਰੀ ਲਾਉਣ ਦਾ ਸਮਾਂ**

| ਪਨੀਰੀ ਬੀਜਣ ਦਾ ਸਮਾਂ | ਪਨੀਰੀ ਲਾਉਣ ਦਾ ਸਮਾਂ |
|---|---|
| ਨਵੰਬਰ ਦਾ ਤੀਜਾ ਹਫਤਾ | ਅੱਧ ਫਰਵਰੀ |
| ਫਰਵਰੀ ਦਾ ਪਹਿਲਾ ਹਫਤਾ | ਅਖੀਰ ਅਪ੍ਰੈਲ |

**ਫਾਸਲਾ** : ਪਨੀਰੀ ਲਗਾਉਣ ਸਮੇਂ ਬੂਟੇ ਮੱਧਰੇ ਅਤੇ ਮਜ਼ਬੂਤ ਹੋਣੇ ਚਾਹੀਦੇ ਹਨ । ਬੂਟਿਆਂ ਨੂੰ ਵੱਟਾਂ ਉੱਪਰ 75 ਸੈਂਟੀਮੀਟਰ ਦੇ ਫਾਸਲੇ ਤੇ ਲਗਾਉ ਅਤੇ ਬੂਟਿਆ ਵਿਚਕਾਰ ਫਾਸਲਾ 45 ਸੈਂਟੀਮੀਟਰ ਰੱਖੋ । ਜੇਕਰ ਵੱਟਾਂ ਬੈੱਡ ਮੇਕਰ ਨਾਲ ਬਣਾਉਣੀਆਂ ਹੋਣ ਤਾਂ ਕਤਾਰਾਂ ਵਿਚਲਾ ਫਾਸਲਾ ਵਧਾਇਆ ਜਾ ਸਕਦਾ ਹੈ ।

**ਖਾਦਾਂ** : 10 ਤੋਂ 15 ਟਨ ਗਲੀ ਸੜੀ ਰੂੜੀ ਪ੍ਰਤੀ ਏਕੜ ਪਾਉ । ਇਕ ਏਕੜ ਪਿਛੇ 25 ਕਿਲੋ ਨਾਈਟ੍ਰੋਜਨ (55 ਕਿਲੋ ਯੂਰੀਆ), 12 ਕਿਲੋ ਪੋਟਾਸ਼ (20 ਕਿਲੋ ਮਿਊਰੇਟ ਆਫ ਪੋਟਾਸ਼) ਪਾਉ । ਜੇਕਰ ਸੁਪਰਫਾਸਫੇਟ ਖਾਦ ਉਪਲੱਬਧ ਨਾ ਹੋਵੇ ਤਾਂ 25 ਕਿਲੋ ਫਾਸਫੋਰਸ (75 ਕਿਲੋ ਸੁਪਰਫਾਸਫੇਟ) ਅਤੇ 12 ਕਿਲੋ ਡੀ ਏ ਪੀ ਨਾਲ ਹੀ ਯੂਰੀਆ ਦੀ ਮਾਤਰਾ ਘਟਾ ਕੇ 45 ਕਿਲੋ ਪ੍ਰਤੀ ਏਕੜ ਪਾਉ । ਸਾਰੀ ਫਾਸਫੋਰਸ ਅਤੇ ਪੋਟਾਸ਼ ਅਤੇ ਅੱਧੀ ਨਾਈਟ੍ਰੋਜਨ ਬੂਟੇ ਲਾਉਣ ਵੇਲੇ ਅਤੇ ਰਹਿੰਦੀ ਅੱਧੀ ਨਾਈਟ੍ਰੋਜਨ ਪਹਿਲੀ ਤੁੜਾਈ ਤੋਂ ਬਾਅਦ ਪਾਉ । ਮਿਰਚਾਂ ਦੀਆਂ ਦੋਗਲੀਆਂ ਕਿਸਮਾਂ ਨੂੰ 30 ਕਿਲੋ ਨਾਈਟ੍ਰੋਜਨ (65 ਕਿਲੋ ਯੂਰੀਆ) ਪ੍ਰਤੀ ਏਕੜ ਪਾਉ ।

**ਫਲ ਝੜਨ ਤੋਂ ਰੋਕਣਾ** : ਮਈ-ਜੂਨ ਦੇ ਮਹੀਨੇ ਵਧੇਰੇ ਤਾਪਮਾਨ ਹੋਣ ਕਰਕੇ ਫਲ ਝੜ ਜਾਂਦੇ ਹਨ । ਪਨੀਰੀ ਪੁੱਟ ਕੇ ਖੇਤ ਵਿੱਚ ਲਾਉਂ ਤੋਂ 45 ਅਤੇ 55 ਦਿਨਾਂ ਪਿੱਛੋਂ ਨੈਫਥਲੀਨ ਏਸਟਿਕ ਏਸਿਡ ਦੇ 4 ਮਿਲੀਲੀਟਰ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ 2 ਛਿੜਕਾਅ ਕਰਨ ਨਾਲ ਹਰੀਆਂ ਅਤੇ ਲਾਲ ਪੱਕੀਆਂ ਮਿਰਚਾਂ ਦੇ ਝਾੜ ਵਿੱਚ ਵਾਧਾ ਹੁੰਦਾ ਹੈ । ਇਸ ਕੰਮ ਲਈ 4 ਮਿਲੀਲੀਟਰ ਪ੍ਰਤੀ ਏਕੜ ਐਨ ਏ ਏ ਨੂੰ 10-15 ਮਿਲੀਲੀਟਰ ਈਥਾਈਲ ਅਲਕੋਹਲ ਵਿੱਚ ਘੋਲੋ ਅਤੇ ਇਹ ਘੋਲ ਇਕ ਲੀਟਰ ਬਣਾ ਲਉ । ਛਿੜਕਾਅ ਵੇਲੇ ਇਸ ਘੋਲ ਨੂੰ 100 ਲੀਟਰ ਪਾਣੀ ਵਿੱਚ ਘੋਲ ਕੇ ਛਿੜਕੋ ।

**ਸਿੰਚਾਈ : 1. ਖਾਲਾਂ ਰਾਹਾਂ :** ਪਹਿਲਾ ਪਾਣੀ ਪਨੀਰੀ ਖੇਤ ਵਿੱਚ ਲਾਉਣ ਤੋਂ ਤੁਰੰਤ ਬਾਅਦ ਲਾਉ । ਬਾਅਦ ਵਿੱਚ ਗਰਮੀਆਂ ਵਿੱਚ ਸਿੰਚਾਈ 7-10 ਦਿਨ ਦੇ ਵਕਫੇ ਤੇ ਕਰੋ । ਇਸ ਫਸਲ ਦੀਆਂ ਜੜ੍ਹਾਂ ਜ਼ਿਆਦਾ ਨਮੀਂ ਅਤੇ ਪਾਣੀ ਨਹੀਂ ਸਹਾਰਦੀਆਂ । ਇਕ ਖੇਲ ਛੱਡ ਕੇ ਸਿੰਚਾਈ ਕਰਨ ਨਾਲ ਪਾਣੀ ਦੀ ਬੱਚਤ ਵੀ ਹੁੰਦੀ ਹੈ ਅਤੇ ਝਾੜ ਵੀ ਪੂਰਾ



ਮਿਲਦਾ ਹੈ । ਕੁੱਲ 15-16 ਪਾਣੀਆਂ ਦੀ ਲੋੜ ਹੁੰਦੀ ਹੈ । ਖੇਤ ਵਿੱਚ 25 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਪਰਾਲੀ ਵਿਛਾਉਣ ਨਾਲ 9 ਪਾਣੀ ਹੀ ਕਾਫੀ ਹਨ ।


**2. ਤੁਪਕਾ ਸਿੰਚਾਈ ਵਿਧੀ ਰਾਹੀਂ** : ਤੁਪਕਾ ਸਿੰਚਾਈ ਵਿਧੀ ਨਾਲ ਪਾਣੀ ਲਾਉਣ ਤੇ ਨਾ ਕੇਵਲ ਝਾੜ ਹੀ ਵਧਦਾ ਹੈ ਸਗੋਂ 46 ਫੀਸਦੀ ਪਾਣੀ ਦੀ ਵੀ ਬੱਚਤ ਹੁੰਦੀ ਹੈ । ਇਸ ਵਿਧੀ ਨਾਲ ਸਿੰਚਾਈ 2 ਦਿਨਾਂ ਦੇ ਅੰਤਰ ਤੇ ਕੀਤੀ ਜਾਂਦੀ ਹੈ । ਇਸ ਵਿਧੀ ਲਈ ਮਿਰਚਾਂ ਦੀਆਂ 2 ਕਤਾਰਾਂ 80 ਸੈਂਟੀਮੀਟਰ ਚੌੜੇ ਬੈੱਡ ਤੇ ਲਾਉ ਅਤੇ ਕਤਾਰਾਂ ਦੇ ਵਿੱਚ ਫਾਸਲਾ 60 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦੀ ਦੂਰੀ 45 ਸੈਂਟੀਮੀਟਰ ਰੱਖੋ । 2 ਬੈੱਡਾਂ ਵਿਚਕਾਰ 40 ਸੈਂਟੀਮੀਟਰ ਦਾ ਫਾਸਲਾ ਰੱਖੋ । ਇਸ ਫਸਲ ਨੂੰ ਪਾਣੀ ਦੇਣ ਲਈ ਇੱਕ ਡਰਿਪ ਲੇਟਰਲ ਪ੍ਰਤੀ ਬੈੱਡ ਦਾ ਇਸਤੇਮਾਲ ਕਰੋ ਅਤੇ ਲੇਟਰਲ ਤੇ ਡਰਿਪਰ ਤੋਂ ਡਰਿਪਰ ਦੀ ਦੂਰੀ 30 ਸੈਂਟੀਮੀਟਰ ਅਤੇ 2-2 ਲੀਟਰ ਪ੍ਰਤੀ ਘੰਟੇ ਦਾ ਡਿਸਚਾਰਜ ਹੋਵੇ ਤਾਂ ਹੇਠ ਲਿਖੀ ਸਾਰਣੀ ਅਨੁਸਾਰ ਸਿੰਚਾਈ ਕਰੋ ।

| ਮਹੀਨਾ | ਪਾਣੀ ਦੇਣ ਦਾ ਸਮਾਂ (ਮਿੰਟਾਂ ਵਿੱਚ) |
|---|---|
| ਮਾਰਚ | 31 |
| ਅਪ੍ਰੈਲ | 61 |
| ਮਈ | 137 |
| ਜੂਨ | 110 |
| ਜੁਲਾਈ | 60 |
| ਅਗਸਤ | 60 |

ਫਰਟੀਗੇਸ਼ਨ ਨਾਲ 20 ਫੀਸਦੀ ਖਾਦ ਦੀ ਬੱਚਤ ਹੁੰਦੀ ਹੈ । ਫਸਲ ਲਾਉਣ ਦੇ ਪਹਿਲੇ ਮਹੀਨੇ 8.0 ਕਿਲੋ ਯੂਰੀਆ, 3.2 ਕਿਲੋ ਮੋਨੋ ਅਮੋਨੀਅਮ ਫਾਸਫੇਟ ਅਤੇ 3.2 ਕਿਲੋ ਮਿਊਰੇਟ ਆਫ ਪੋਟਾਸ਼ (ਸਫੈਦ) ਪ੍ਰਤੀ ਏਕੜ ਦੇ ਹਿਸਾਬ ਨਾਲ ਹਰ ਚੌਥੇ ਦਿਨ 7 ਬਰਾਬਰ ਦੇ ਹਿੱਸਿਆਂ ਵਿੱਚ ਵੰਡ ਕੇ ਪਾਉ । ਬਾਕੀ ਦੀਆਂ ਖਾਦਾਂ 31.4 ਕਿਲੋ ਯੂਰੀਆ 12.8 ਕਿਲੋ ਮੋਨੋ ਅਮੋਨੀਅਮ ਫਾਸਫੇਟ ਅਤੇ 12.8 ਕਿਲੋ ਮਿਊਰੇਟ ਆਫ ਪੋਟਾਸ਼ (ਸਫੈਦ) ਪ੍ਰਤੀ ਏਕੜ ਦੇ ਹਿਸਾਬ ਨਾਲ ਹਰ ਚੌਥੇ ਦਿਨ 21 ਬਰਾਬਰ ਦੇ ਹਿੱਸਿਆਂ ਵਿੱਚ ਵੰਡ ਕੇ ਪਾਉ ।

**ਤੁੜਾਈ, ਸਾਂਭ-ਸੰਭਾਲ ਅਤੇ ਮੰਡੀਕਰਨ** : ਮਿਰਚ ਪਾਊਡਰ ਬਣਾਉਣ ਲਈ ਮਿਰਚ ਤੋੜਨ ਵੇਲੇ ਲਾਲ ਹੋਣੀ ਚਾਹੀਦੀ ਹੈ । ਇਸ ਲਈ 6-7 ਤੁੜਾਈਆਂ ਦੀ ਲੋੜ ਹੈ । ਆਚਾਰ ਲਈ ਹਰੀਆਂ ਮਿਰਚਾਂ ਤੋੜੋ । ਲਾਲ ਤੋੜੀਆਂ ਮਿਰਚਾਂ ਨੂੰ ਧੁੱਪ ਵਿੱਚ ਸੁਕਾ ਕੇ ਰੱਖੋ ।

# ਨਿਸ਼ਾਨਾ ਖੇਤੀ ਦੀ ਆਮਦਨ ਵਧਾਉਣ ਦਾ ਹੋਵੇ



ਭਗਵਾਨ ਦਾਸ

ਜ਼ਮੀਨ ਦੀ ਉਪਜਾਊ ਸ਼ਕਤੀ ਦਾ ਘਟਣਾ, ਪਾਣੀ ਦੇ ਪੱਧਰ ਦਾ ਥੱਲੇ ਜਾਣਾ, ਵਾਤਾਵਰਨ ਦਾ ਪ੍ਰਦੂਸ਼ਿਤ ਹੋਣਾ ਤੇ ਮੌਸਮ 'ਚ ਆ ਰਹੀ ਤਬਦੀਲੀ ਪੰਜਾਬ ਦੀ ਖੇਤੀ ਦੀਆਂ ਗੰਭੀਰ ਸਮੱਸਿਆਵਾਂ ਅਤੇ ਕਿਸਾਨਾਂ ਨੂੰ ਦਰਪੇਸ਼ ਚੁਣੌਤੀਆਂ ਹਨ । ਜ਼ਰਾਇਤ ਅਤੇ ਖੇਤੀ ਖੋਜ 'ਚ ਸਰਕਾਰੀ ਲਾਗਤ ਦਾ ਘਟਣਾ ਕਿਸਾਨਾਂ ਤੇ ਖੇਤੀ ਦਾ ਭਵਿੱਖ ਖਤਰੇ 'ਚ ਦਰਸਾਉਂਦੇ ਹਨ । ਕਿਸਾਨਾਂ ਦੀ ਅੰਦੋਲਨਾਂ ਰਾਹੀਂ ਵੀ ਮੁੱਖ ਮੰਗ ਇਹ ਹੈ ਕਿ ਪ੍ਰੋ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਖੇਤੀ ਲਾਗਤ ਸੀ2+50 ਪ੍ਰਤੀਸ਼ਤ ਮੁਨਾਫਾ ਲਗਾ ਕੇ ਫਸਲਾਂ 'ਤੇ ਐੱਮ.ਐੱਸ.ਪੀ. ਦੇਣ ਦੀ ਕਾਨੂੰਨੀ ਤੌਰ 'ਤੇ ਗਾਰੰਟੀ ਦਿੱਤੀ ਜਾਵੇ ਅਤੇ ਸਵਾਮੀਨਾਥਨ ਰਿਪੋਰਟ 'ਚ ਕਿਸਾਨਾਂ ਦੀ ਬਿਹਤਰੀ ਲਈ ਕੀਤੀਆਂ ਗਈਆਂ ਹੋਰ ਸਿਫਾਰਸ਼ਾਂ ਨੂੰ ਵੀ ਸਰਕਾਰ ਪ੍ਰਵਾਨ ਕਰੇ । ਇਹ ਸਿਫਾਰਸ਼ਾਂ ਮੁੱਖ ਤੌਰ 'ਤੇ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਉਨ੍ਹਾਂ ਨੂੰ ਖੁਸ਼ਹਾਲ ਬਣਾਉਣ



ਲਈ ਕੀਤੀਆਂ ਗਈਆਂ ਹਨ । ਕਿਸਾਨਾਂ ਦੀ ਆਮਦਨ ਵਧਾਉਣ ਲਈ ਉਤਪਾਦਕਤਾ ਵਧਾਉਣ ਤੇ ਖੇਤੀ ਨੂੰ ਹੰਢਣਸਾਰ ਬਣਾਉਣ ਦੀ ਲੋੜ ਹੈ । ਕਿਸਾਨ ਆਪਣੀ ਪੈਦਾਵਾਰ ਦਾ ਲਾਹੇਵੰਦ ਮੰਡੀਕਰਨ ਕਰ ਸਕਣ । ਲਾਹੇਵੰਦ ਮੰਡੀਕਰਨ ਲਈ ਕੋਈ ਬਰਾਮਦ ਜਾਂ ਜ਼ਖੀਰਾ ਕਰਨ 'ਤੇ ਕਿਸੇ ਕਿਸਮ ਦੀ ਰੋਕ ਜਾਂ ਹੋਰ ਕਿਸੇ ਪ੍ਰਕਾਸ ਦੀ ਪਾਬੰਦੀ ਨਹੀਂ ਹੋਣੀ ਚਾਹੀਦੀ । ਖੇਤੀ ਖੋਜ 'ਚ ਲਾਗਤ ਵਧਾ ਕੇ ਇਸ ਨੂੰ ਮਜ਼ਬੂਤ ਕੀਤਾ ਜਾਏ । ਮੁੱਖ ਸਮੱਸਿਆ ਇਹ ਹੈ ਕਿ ਸਰਕਾਰ ਦੀਆਂ ਨੀਤੀਆਂ ਖਪਤਕਾਰ-ਪੱਖੀ ਹਨ, ਪਰ ਕਿਸਾਨਾਂ ਵਲੋਂ ਕੀਤੀ ਜਾ ਰਹੀ ਮੰਗ ਅਨੁਸਾਰ ਇਹ ਨੀਤੀਆਂ ਕਿਸਾਨ ਅਤੇ ਉਤਪਾਦਕ-ਪੱਖੀ ਹੋਣੀਆਂ ਚਾਹੀਦੀਆਂ ਹਨ । ਖੇਤੀ 'ਚ 23 ਫਸਲਾਂ ਜਿਨ੍ਹਾਂ ਦੀ ਐੱਮ. ਐੱਸ. ਪੀ. ਐਲਾਨੀ ਜਾਂਦੀ ਹੈ, ਉਨ੍ਹਾਂ ਤੋਂ ਇਲਾਵਾ ਹੋਰ ਵੀ ਖੇਤੀ ਪੈਦਾਵਾਰ ਹੈ, ਜਿਵੇਂ ਦੁੱਧ, ਫਲਾਂ ਸਬਜ਼ੀਆਂ ਦੀ ਕਾਸ਼ਤ ਆਦਿ । ਇਹ ਵੀ ਕਿਸਾਨਾਂ ਦੀ ਆਮਦਨ ਨੂੰ ਪ੍ਰਭਾਵਿਤ ਕਰਦੇ ਹਨ । ਫਲਾਂ ਅਤੇ ਦੁੱਧ ਨੂੰ ਮਿਲਾ ਕੇ ਫਸਲਾਂ ਦੀ ਖੇਤੀ ਪੈਦਾਵਾਰ ਨਾਲੋਂ ਇਨ੍ਹਾਂ ਦੀ ਕੀਮਤ ਜ਼ਿਆਦਾ ਬਣਦੀ ਹੈ । ਇਸ ਲਈ ਕਿਸਾਨਾਂ ਦੀ ਆਮਦਨ 23 ਫਸਲਾਂ ਤੋਂ ਇਲਾਵਾ ਹੋਰ ਖੇਤੀ ਨਾਲ ਜੁੜੇ ਸਹਾਇਕ ਕਿੱਤਿਆਂ ਤੋਂ ਵੀ ਕਾਫੀ ਪ੍ਰਭਾਵਿਤ ਹੁੰਦੀ ਹੈ । ਕਿਸਾਨਾਂ ਦੀਆਂ ਹੋਰ ਵੀ ਮੰਗਾਂ ਹਨ, ਜਿਵੇਂ ਕਰਜ਼ਿਆਂ ਦੀ ਮੁਆਫੀ, ਖੇਤ ਮਜ਼ਦੂਰਾਂ ਅਤੇ ਕਿਸਾਨਾਂ ਲਈ ਪੈਨਸ਼ਨ, ਦਿਹਾੜੀ ਦੀ ਘੱਟੋ-ਘੱਟ ਉਜਰਤ ਅਤੇ ਮਨਰੇਗਾ ਕਾਮਿਆਂ ਨੂੰ ਕਿਸਾਨਾਂ ਦੇ ਖੇਤਾਂ 'ਚ ਕੰਮ ਕਰਨ ਦੀ ਇਜਾਜ਼ਤ ਦੇਣਾ ਆਦਿ । ਇਹ ਸਾਰੀਆਂ ਮੰਗਾਂ ਤੇ ਸਰਕਾਰ ਨੂੰ ਵਿਚਾਰ ਕਰਕੇ ਕਿਸਾਨ-ਪੱਖੀ ਫੈਸਲੇ ਲੈਣੇ ਲੋੜੀਂਦੇ ਹਨ ।

ਪੰਜਾਬ ਦੀ ਖੇਤੀ ਆਰਥਿਕਤਾ ਝੋਨੇ ਤੇ ਕਣਕ 'ਤੇ ਹੀ ਆਧਾਰਿਤ ਹੈ । ਪੂਰੇ ਰਕਬੇ 82 ਫੀਸਦੀ ਬਿਜਾਈ-ਅਧੀਨ ਰਕਬੇ 'ਚੋਂ 31 ਲੱਖ ਹੈਕਟੇਅਰ ਰਕਬੇ 'ਤੇ ਕਣਕ ਦੀ ਕਾਸ਼ਤ ਕੀਤੀ ਜਾਂਦੀ ਹੈ । ਪੰਜਾਬ ਦਾ ਕੇਂਦਰੀ ਪੂਲ 'ਚ ਕਣਕ ਦਾ ਯੋਗਦਾਨ (ਸੰ: 2023-24) ਪਿਛਲੇ ਸਾਲ 46% ਅਤੇ ਚਾਵਲ ਦਾ 23% ਸੀ । ਸਿੰਜਾਈ-ਅਧੀਨ ਰਕਬਾ ਕੁੱਲ ਬੀਜੇ ਜਾਣ ਵਾਲੇ ਰਕਬੇ ਦਾ 98.9% ਹੋਣ ਕਰਕੇ ਅਤੇ ਕਿਸਾਨਾਂ ਦੀ ਅਗਾਂਹਵਧੂ ਰੁਚੀ ਤੋਂ ਮਿਹਨਤ ਵਜੋਂ ਕਣਕ ਦੀ ਔਸਤ ਉਤਪਾਦਕਤਾ 50 ਕੁਇੰਟਲ ਪ੍ਰਤੀ ਹੈਕਟੇਅਰ ਅਤੇ ਝੋਨੇ ਦੀ 68-70 ਕੁਇੰਟਲ ਪ੍ਰਤੀ ਹੈਕਟੇਅਰ ਰਹੀ । ਇਸ ਸਾਲ ਵੀ ਕਣਕ ਦੀ ਰਿਕਾਰਡ ਪੈਦਾਵਾਰ ਹੋਣ ਦੀ ਸੰਭਾਵਨਾ ਹੈ । ਦੇਸ਼ ਦੀ ਕਣਕ ਪੈਦਾਵਾਰ ਪਿਛਲੇਸਾਲ ਦੇ 110.55 ਮਿਲੀਅਨ ਟਨ ਦੇ ਮੁਕਾਬਲੇ 114 ਮਿਲੀਅਨ ਟਨ ਅਤੇ ਪੰਜਾਬ ਦੀ 18 ਮਿਲੀਅਨ ਟਨ ਹੋਣ ਦੀ ਸੰਭਾਵਨਾ ਹੈ ।

ਪਹਿਲੇ ਸਬਜ਼ ਇਨਕਲਾਬ ਦੌਰਾਨ ਖੇਤੀ ਦਾ ਵਿਕਾਸ ਤਾਂ ਹੋਇਆ, ਪਰ ਇਹ ਹੰਢਣਸਾਰ ਨਹੀਂ । ਸੰਨ 1980-85 ਦਰਮਿਆਨ ਤਾਂ ਖੇਤੀ ਵਿਕਾਸ ਦਰ ਮੁਲਕ ਦੀ ਆਰਥਿਕਤਾ ਦੀ ਵਿਕਾਸ ਦਰ ਨਾਲੋਂ ਵੱਧ ਰਹੀ ਪ੍ਰੰਤੂ ਸੰਨ 1997-98 'ਚ ਘੱਟ ਗਈ । ਸੰਨ 2002-03 'ਚ ਭਾਰਤ ਨੇ ਕਣਕ ਬਰਾਮਦ ਕੀਤੀ । ਫਿਰ ਸੰਨ 2007-08 'ਚ ਬਾਹਰੋਂ ਮੰਗਵਾਈ, ਉਸ ਤੋਂ ਬਾਅਦ ਭਾਵੇਂ ਮੁਲਕ ਆਤਮ-ਨਿਰਭਰ ਹੋ ਗਿਆ ।

ਦੇਸ਼ ਤੇ ਪੰਜਾਬ ਦੀ ਬਹੁ ਸੰਖਿਆ ਦਾ ਵਿਕਾਸ ਤੇ ਰੋਟੀ ਦਾ ਆਧਾਰ ਖੇਤੀ ਹੈ । ਦੇਸ਼ 'ਚ 49 ਪ੍ਰਤੀਸ਼ਤ ਦੇ ਕਰੀਬ ਅਤੇ ਪੰਜਾਬ 'ਚ 65% ਦੇ ਕਰੀਬ ਲੋਕ ਖੇਤੀ ਤੋਂ ਹੀ ਆਪਣੀ ਰੋਜ਼ੀ-ਰੋਟੀ ਕਮਾ ਰਹੇ ਹਨ । ਪ੍ਰੰਤੂ ਜੀਡੀਪੀ 'ਚ ਖੇਤੀ ਦਾ ਯੋਗਦਾਨ ਘਟਦਾ ਜਾ ਰਿਹਾ ਹੈ । ਖੁਰਾਕ ਦੀ ਸੁਰੱਖਿਆ ਤੇ ਸੰਤੁਸ਼ਟਤਾ ਲਈ ਅਤੇ ਗਰੀਬੀ ਤੇ ਬੇਰੁਜ਼ਗਾਰੀ ਨੂੰ ਘਟਾਉਣ ਲਈ ਕੁਦਰਤੀ ਸੋਮਿਆਂ ਦੀ ਸੁਝਵਾਨ ਵਰਤੋਂ ਦੀ ਲੋੜ ਹੈ । ਪੈਦਾਵਾਰ ਵਧਾਉਣ ਲਈ ਕਾਸ਼ਤ ਯੋਗ ਰਕਬੇ 'ਚ ਕੋਈ ਵਾਧਾ ਹੋਣਾ ਸੰਭਵ ਨਹੀਂ । ਪਿਛਲੇ ਚਾਰ ਦਹਾਕਿਆਂ ਤੋਂ ਵੱਧ ਅਰਸੇ ਤੋਂ ਵਾਹੀ ਦਾ ਰਕਬਾ ਤਕਰੀਬਨ ਇੱਕੋ ਥਾਂ ਖੜ੍ਹਾ ਹੈ । ਮੁਲਕ 'ਚ ਸਿੰਚਾਈ ਵਾਲਾ ਰਕਬਾ ਜ਼ਰੂਰ ਵਧਿਆ ਹੈ । ਇਸ ਪੱਖੋਂ ਪੰਜਾਬ ਅੱਗੇ ਹਨ । ਜਿੱਥੇ 98.9% ਰਕਬਾ ਸਿੰਜਾਈ-ਅਧੀਨ ਹੈ ਪਰ ਇਸ ਦੇ ਬਾਵਜੂਦ ਜ਼ਮੀਨ ਦੀ ਉਪਜਾਊ ਸ਼ਕਤੀ ਘਟ ਰਹੀ ਹੈ, ਜੋ



ਇਕ ਗੰਭੀਰ ਸਮੱਸਿਆ ਬਣ ਕੇ ਸਾਹਮਣੇ ਆ ਖੜ੍ਹੀ ਹੈ, ਇਸ ਨੂੰ ਰੋਕਣ ਦੀ ਲੋੜ ਹੈ । ਜ਼ਿਆਦਾ ਜ਼ੋਰ ਪਾਣੀ ਦੀ ਬੱਚਤ ਅਤੇ ਇਸ ਦੀ ਕੁਫਾਇਤ ਵਰਤੋਂ 'ਤੇ ਲਗਣਾ ਚਾਹੀਦਾ ਹੈ । ਭਾਵੇਂ ਹੁਣ ਦੂਜੇ ਰਾਜ ਜਿਵੇਂ ਮੱਧ ਪ੍ਰਦੇਸ਼ ਤੇ ਯੂ. ਪੀ. ਆਦਿ ਵੀ ਉਤਪਾਦਨ ਪੱਖੋਂ ਅੱਗੇ ਆ ਰਹੇ ਹਨ, ਪਰ ਪੰਜਾਬ ਉਤਪਾਦਕਤਾ 'ਚ ਸਥਿਰਤਾ ਲਿਆਉਣ ਵਿਚ ਪ੍ਰਭਾਵਸ਼ਾਲੀ ਯੋਗਦਾਨ ਪਾ ਸਕਦਾ ਹੈ ।

ਉਤਪਾਦਕਤਾ ਤੇ ਉਤਪਾਦਨ ਵਧਾਉਣ 'ਚ ਬੀਜਾਂ ਦਾ ਮਹੱਤਵਪੂਰਨ ਰੋਲ ਹੈ । ਭਾਵੇਂ ਕਿਸਾਨਾਂ 'ਚ ਬੀਜਾਂ ਅਤੇ ਨਵੀਆਂ ਕਿਸਮਾਂ ਅਪਣਾਉਣ ਸੰਬੰਧੀ ਚੇਤਨਾ ਵਧੀ ਹੈ, ਪਰ ਅਜੇ ਵੀ ਬੀਜ ਬਦਲ ਦਰ ਘੱਟ ਹੈ । ਸੁਧਰੇ ਬੀਜ ਬਹੁਤੇ ਕਿਸਾਨਾਂ ਤੱਕ ਕਿਸਾਨ ਮੇਲਿਆਂ ਅਤੇ ਕਿਸਾਨ ਸਿਖਲਾਈ ਕੈਂਪਾਂ ਰਾਹੀਂ ਪਹੁੰਚਦੇ ਹਨ । ਬੀਜ ਫੰਡ ਪ੍ਰਬੰਧਨ ਦੀ ਪੂਰਨ ਯੋਜਨਾਬੰਦੀ ਕਰਨ ਦੀ ਲੋੜ ਹੈ ਤਾਂ ਜੋ ਇਹ ਛੋਟੇ ਕਿਸਾਨਾਂ ਤੱਕ, ਦੂਰ-ਦੁਰਾਡੇ ਪਿੰਡਾਂ 'ਚ ਵੀ ਪਹੁੰਚਣ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੇ ਕਈ ਹੋਰ ਅਦਾਰਿਆਂ ਵਲੋਂ ਅਜਿਹੇ ਯਤਨ ਕੀਤੇ ਜਾ ਰਹੇ ਹਨ । ਕਿਸਾਨਾਂ ਨੂੰ ਖੇਤੀ ਨੂੰ ਵਪਾਰਕ ਤੌਰ 'ਤੇ ਲਾਹੇਵੰਦ ਬਣਾਉਣ ਦੀ ਲੋੜ ਹੈ । ਖੇਤੀ ਦਾ ਧੰਦਾ ਮੁਨਾਫੇ ਲਈ ਅਪਣਾਇਆ ਜਾਵੇ ਕੇਵਲ ਗੁਜ਼ਾਰੇ ਲਈ ਨਹੀਂ । ਪੰਜਾਬ 'ਚ 15 ਲੱਖ ਦੇ ਕਰੀਬ ਟਿਊਬਵੈੱਲ ਖੇਤਾਂ ਦੀ ਸਿੰਚਾਈ ਲਈ ਲੱਗੇ ਹੋਏ ਹਨ । ਪਾਣੀ ਦੀ ਵੱਧ ਅਤੇ ਦੁਰਵਰਤੋਂ ਕਾਰਨ ਜ਼ਮੀਨ ਥੱਲੇ ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ । ਲਗਾਤਾਰ ਪੀੜ੍ਹੀ ਦਰ ਪੀੜ੍ਹੀ ਜ਼ਮੀਨੀ ਹੱਕਾਂ ਕਾਰਨ ਖੇਤਾਂ ਦਾ ਆਕਾਰ ਘਟ ਰਿਹਾ ਹੈ । ਤਕਰੀਬਨ 60% ਕਿਸਾਨਾਂ ਕੋਲ 10 ਏਕੜ ਤੋਂ ਘੱਟ ਜ਼ਮੀਨ ਹੈ । ਇਸ ਲਈ ਕਿਸਾਨਾਂ ਦੀ ਖੇਤੀ ਆਮਦਨ ਘੱਟ ਹੈ, ਜਿਸ ਕਾਰਨ ਕਿਸਾਨਾਂ 'ਚ ਨਿਰਾਸ਼ਤਾ ਤੇ ਮਾਯੂਸੀ ਦੀ ਲਹਿਰ ਦੌੜ ਰਹੀ ਹੈ । ਲੇਜ਼ਰ ਕਰਾਹੇ ਦੀ ਵਰਤੋਂ ਨੂੰ ਵੱਡੇ ਪੱਧਰ 'ਤੇ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ । ਇਕ ਤਕਨੀਕ ਨਾਲ ਖੇਤ ਪੱਧਰ ਕਰਨ ਉਪਰੰਤ ਪਾਣੀ ਇਕਸਾਰ ਲਗਦਾ ਹੈ ਅਤੇ ਖਾਦਾਂ ਦੀ ਵਰਤੋਂ ਵਿਸ਼ੇਸ਼ ਕਰ ਕੇ ਯੂਰੀਏ ਦੀ ਵਰਤੋਂ ਨਿਪੁੰਨਤਾ ਨਾਲ ਹੁੰਦੀ ਹੈ । ਪ੍ਰਤੀ ਹੈਕਟੇਅਰ ਝਾੜ 'ਚ ਵਾਧਾ ਹੁੰਦਾ ਹੈ । ਪਾਣੀ ਦੀ ਬੱਚਤ ਲਈ ਫਸਲਾਂ ਦੀ ਪੈਦਾਵਾਰ ਬੈੱਡਪਲਾਂਟਿੰਗ ਵਿਧੀ ਅਪਨਾ ਕੇ ਵੀ ਕੀਤੀ ਜਾ ਸਕਦੀ ਹੈ ਅਤੇ ਝੋਨੇ 'ਚ ਸਿੱਧੀ ਬਿਜਾਈ ਕਰਕੇ ਵੀ । ਕਿਸਾਨਾਂ ਨੂੰ ਇਹ ਸਹੂਲਤਾਂ ਮਸ਼ੀਨਰੀ ਕਾਲ ਸੈਂਟਰਾਂ ਰਾਹੀਂ ਮੁਹੱਈਆ ਕਰਨ ਦੇ ਨਾਲ-ਨਾਲ ਰਿਆਇਤੀ ਦਰਾਂ 'ਤੇ ਮੁਹੱਈਆ ਕੀਤੀਆਂ ਜਾਣੀਆਂ ਚਾਹੀਦੀਆਂ ਹਨ । ਕਿਸਾਨਾਂ ਦਾ ਨਿਸ਼ਾਨਾ ਆਮਦਨ 'ਚ ਵਾਧਾ ਕਰਨਾ ਹੋਣਾ ਚਾਹੀਦਾ ਹੈ, ਜਿਸ ਲਈ ਸਰਕਾਰ ਉਨ੍ਹਾਂ ਦੀ ਸਹਾਇਤਾ ਕਰੇ ।

# ਪੰਜਾਬ ਦੇ 10 ਹਜ਼ਾਰ ਤੋਂ ਵੱਧ ਪਿੰਡਾਂ ਦਾ ਪਾਣੀ ਮਨੁੱਖੀ ਵਰਤੋਂ ਲਈ ਨਹੀਂ ਸੁਰੱਖਿਅਤ

ਪੰਜਾਬ ਦੇ 10 ਹਜ਼ਾਰ ਤੋਂ ਵੱਧ ਪਿੰਡਾਂ ਦਾ ਪਾਣੀ ਮਨੁੱਖਾਂ ਦੇ ਉਪਯੋਗ ਲਈ ਸੁਰੱਖਿਅਤ ਨਹੀਂ ਹੈ । ਸੂਤਰਾਂ ਦੇ ਹਵਾਲੇ ਤੋਂ ਮਿਲੀ ਜਾਣਕਾਰੀ ਅਨੁਸਾਰ 6500 ਪਿੰਡਾਂ ਦੇ ਉੱਪਰਲੀ ਸਤ੍ਹਾ ਦੇ ਪਾਣੀ ਖਰਾਬ ਹੋਣ ਅਤੇ 3550 ਪਿੰਡਾਂ 'ਚ ਪਾਣੀ ਵਿਚਲੇ ਰਸਾਇਣਕ ਪਦਾਰਥ ਸੀਮਾ ਤੋਂ ਜ਼ਿਆਦਾ ਹੋਣ ਬਾਰੇ ਪਤਾ ਲੱਗਿਆ ਹੈ । ਖਰਾਬ ਪਾਣੀ ਕਾਰਨ ਪੰਜਾਬੀਆਂ ਨੂੰ ਹੱਡੀਆਂ 'ਚ ਟੇਡਾਪਨ, ਰੀੜ੍ਹ ਦੀ ਹੱਡੀ ਦੇ ਮਣਕੇ ਭੁਰਨ, ਪੇਟ ਦੀਆਂ ਬਿਮਾਰੀਆਂ ਨੇ ਲਪੇਟ 'ਚ ਲਿਆ ਹੋਇਆ ਹੈ । ਇੱਥੋਂ ਤੱਕ ਕਿ ਬੱਚਿਆਂ ਨੂੰ ਬਲਿਊ ਬੇਰੀ ਸਿਨਫਰੋਮ ਨਾਂਅ ਦੀ ਬਿਮਾਰੀ ਚਿੰਬੜ ਰਹੀ ਹੈ । ਲੋਕਾਂ ਨੂੰ ਪੀਣ ਦਾ ਸ਼ੁੱਧ ਪਾਣੀ ਦੇਣ 'ਤੇ ਸਮੇਂ ਦੀਆਂ ਸਰਕਾਰਾਂ ਵਲੋਂ ਪਿਛਲੇ 15 ਸਾਲਾਂ 'ਚ 3500 ਕਰੋੜ ਰੁਪਏ ਖਰਚੇ ਜਾ ਚੁੱਕੇ ਹਨ । ਮਾਲਵੇ 'ਚ ਲੱਖਾਂ ਰੁਪਏ ਖਰਚ ਕੇ ਲਗਾਏ 1800 ਆਰ.ਓ. ਪਲਾਂਟ ਚਿੱਟਾ ਹਾਥੀ ਬਣ ਕੇ ਰਹਿ ਗਏ ਹਨ । ਓਧਰ ਜਲ ਸਪਲਾਈ ਵਿਭਾਗ ਪੰਜਾਬ ਦੇ 10 ਹਜ਼ਾਰ ਤੋਂ ਵੱਧ ਪਿੰਡਾਂ ਨੂੰ ਪਾਇਪਾਂ ਰਾਹੀਂ ਪੀਣ ਦਾ ਪਾਣੀ ਮੁਹੱਈਆ ਕਰਨ ਦਾ ਦਾਅਵਾ ਕਰ ਰਿਹਾ ਹੈ । ਵਿਭਾਗ ਦਾ ਦਾਅਵਾ ਹੈ ਕਿ ਬੋਰ ਡੂੰਘੇ ਹੋਣ ਕਾਰਨ ਪਾਣੀ ਦੀ ਗੁਣਵੱਤਾ ਚੰਗੀ ਹੋ ਜਾਂਦੀ ਹੈ, ਜਦ ਕਿ ਉਕਤ ਹਾਲਾਤਾਂ ਦੇ ਚਲਦਿਆਂ ਨਹਿਰੀ ਜਲ ਘਰ ਅਣਸਰਦੀ ਲੋੜ ਬਣ ਗਏ ਹਨ । ਇਨ੍ਹਾਂ ਹਾਲਾਤਾਂ 'ਚ ਸਾਨੂੰ ਸਾਡੇ ਪਾਣੀਆਂ 5 ਦਰਿਆਵਾਂ ਤੇ ਕਾਨੂੰਨੀ ਚਾਰਾਜੋਈਆਂ ਸਮੇਤ ਪਹਿਰਾ ਦੇਣਾ ਜ਼ਰੂਰੀ ਬਣ ਜਾਂਦਾ ਹੈ । ਜਾਣਕਾਰੀ ਅਨੁਸਾਰ ਫਿਰੋਜ਼ਪੁਰ, ਤਰਨਤਾਰਨ, ਸੰਗਰੂਰ, ਬਠਿੰਡਾ, ਫਰੀਦਕੋਟ, ਮਾਨਸਾ, ਪਟਿਆਲਾ, ਲੁਧਿਆਣਾ, ਅੰਮ੍ਰਿਤਸਰ ਅਤੇ ਫਤਹਿਗੜ੍ਹ ਸਾਹਿਬ ਜ਼ਿਲ੍ਹਿਆਂ 'ਚ ਪਾਣੀ ਮਾੜਾ ਹੈ । ਪਟਿਆਲਾ, ਫਿਰੋਜ਼ਪੁਰ, ਤਰਨਤਾਰਨ ਤੇ ਫਰੀਦਕੋਟ 'ਚ ਫਲੋਰਾਇਡ ਦੀ ਸਮੱਸਿਆ ਹੈ ਜਦ ਕਿ ਸੰਗਰੂਰ , ਬਠਿੰਡਾ, ਮਾਨਸਾ ਅਤੇ ਫਰੀਦਕੋਟ ਦੇ ਕਈ ਇਲਾਕਿਆਂ ਦੇ ਪਾਣੀ 'ਚ ਕੁੱਲ ਘੁਲੇ ਹੋਏ ਠੋਸ ਪਦਾਰਥਾਂ ਦੀ ਮਾਤਰਾ ਲੋੜ ਤੋਂ ਵੱਧ ਹੈ । ਇਸੇ ਤਰ੍ਹਾਂ ਅੰਮ੍ਰਿਤਸਰ, ਗੁਰਦਾਸਪੁਰ, ਪਟਿਆਲਾ ਅਤੇ ਰੋਪੜ 'ਚ ਲੋਹਾ ਅਤੇ ਫਿਰੋਜ਼ਪੁਰ, ਫਤਹਿਗੜ੍ਹ ਸਾਹਿਬ, ਪਟਿਆਲਾ ਅਤੇ ਸੰਗਰੂਰ ਜ਼ਿਲ੍ਹਿਆਂ 'ਚ ਘੱਟ ਡੂੰਘੇ ਪਾਣੀ 'ਚ ਨਾਈਟਰੇਟ ਦੀ ਮਾਤਰਾ ਵੱਧ ਪਾਈ ਗਈ ਹੈ । ਦੱਸਣਾ ਬਣਦਾ ਹੈ ਕਿ ਪੰਜਾਬ ਤੇ 12729 ਪਿੰਡਾਂ ਨੂੰ ਪੀਣਾ ਮੁਹੱਈਆ ਕਰਵਾਉਣ ਲਈ 11671 ਦੇ ਲਗਭਗ ਟਿਊਬਵੈੱਲ ਆਧਾਰਿਤ ਵਾਟਰ ਵਰਕਸ ਹਨ, ਜਦ ਕਿ ਨਹਿਰੀ ਪਾਣੀ 'ਤੇ



ਆਧਾਰਿਤ ਸਿਰਫ 1804 ਸਕੀਮਾਂ ਹੀ ਹਨ, ਜਿਨ੍ਹਾਂ ਚੋਂ ਬਹੁਤੀਆਂ ਮਾਲਵਾ ਖਿੱਤੇ 'ਚ ਹਨ । ਸੂਤਰਾਂ ਅਨੁਸਾਰ ਟਿਊਬਵੈੱਲ ਸਕੀਮਾਂ ਦੇ ਨਮੂਨੇ ਫੇਲ੍ਹ ਹੋ ਰਹੇ ਹਨ । ਪਰ ਬਾਵਜੂਦ ਇਸ ਦੇ ਬਠਿੰਡਾ ਮਾਨਸਾ 'ਚ ਵੀ ਟਿਊਬਵੈੱਲ ਸਕੀਮਾਂ ਨੂੰ ਤਰਜੀਹ ਦਿੱਤੀ ਗਈ ਹੈ । ਦੱਸਣਾ ਬਣਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਵਿਸ਼ਵ ਬੈਂਕ ਅਤੇ ਨਾਬਾਰਡ ਦੀ ਸਹਾਇਤਾ ਨਾਲ ਪਿੰਡਾਂ ਅੰਦਰ ਕਰੋੜਾਂ ਰੁਪਏ ਖਰਚ ਕੇ ਜਲ ਘਰ ਉਸਾਰੇ ਗਏ ਹਨ । ਸੂਬਾ ਸਰਕਾਰ ਵੱਲੋਂ 73ਵੀਂ ਸੰਵਿਧਾਨਿਕ ਸੋਧ ਤਹਿਤ ਪਾਵਰਾਂ ਦੇ ਵਿਕੇਂਦਰੀਕਰਨ ਦੇ ਨਾਂਅ ਹੇਠ ਜਲ ਘਰਾਂ ਨੂੰ ਪੰਚਾਇਤਾਂ ਦੇ ਸਿਰ ਮੜ੍ਹਨ ਦੀ ਵਿਉਂਤਬੰਦੀ ਲੰਬੇ ਸਮੇਂ ਤੋਂ ਸ਼ੁਰੂ ਕੀਤੀ ਹੋਈ ਹੈ ਅਤੇ ਸੂਬੇ ਅੰਦਰ 4068 ਜਲ ਸਪਲਾਈ ਸਕੀਮਾਂ ਨੂੰ ਪਿੰਡ ਪੱਧਰ ਦੀਆਂ ਕਮੇਟੀਆਂ ਦੇ ਹਵਾਲੇ ਕੀਤਾ ਹੋਇਆ ਹੈ । ਜਿਨ੍ਹਾਂ 'ਚੋਂ ਬਹੁਤੀਆਂ ਪੰਚਾਇਤਾਂ ਨੇ ਹੱਥ ਖੜ੍ਹੇ ਕਰ ਦਿੱਤੇ ਸਨ ਕਿ ਵਾਟਰ ਵਰਕਸਾਂ ਦੀ ਸਾਂਭ ਸੰਭਾਲ ਅਤੇ ਹੋਰ ਖਰਚੇ ਅਦਾ ਨਹੀਂ ਕਰ ਸਕਦੇ ਕਿਉਂਜੋ ਪਿੰਡ ਪੱਧਰ 'ਤੇ ਪਾਰਟੀਬਾਜ਼ੀ ਹੋਣ ਕਾਰਨ ਲੋਕਾਂ ਵਲੋਂ ਪਾਣੀ ਦੇ ਬਿੱਲਾਂ ਦੀ ਅਦਾਇਗੀ ਨਹੀਂ ਕੀਤੀ ਜਾਂਦੀ, ਜਿਸ ਕਾਰਨ ਅਤੇ ਵਿਭਾਗ ਦਾ ਖਪਤਕਾਰਾਂ ਵੱਲ ਕਰੋੜਾਂ ਰੁਪਇਆ ਫਸਿਆ ਹੋਇਆ ਹੈ । ਭਾਵੇਂ ਕਿ ਜਲ ਸਪਲਾਈ ਵਿਭਾਗ ਵਲੋਂ ਪਿੰਡਾਂ ਅੰਦਰ ਲੋਕਾਂ ਨੂੰ 10 ਘੰਟੇ ਰੋਜ਼ਾਨਾ ਪਾਣੀ ਦੀ ਸਪਲਾਈ ਮੁਹੱਈਆ ਕਰਵਾਉਣ ਦੀ ਗੱਲ ਕਹੀ ਜਾ ਰਹੀ ਹੈ ਪਰ ਅਸਲ 'ਚ ਲੋਕ ਦੂਸ਼ਿਤ ਪਾਣੀ ਪੀਣ ਕਾਰਨ ਕਾਲਾ ਪੀਲੀਆ, ਕੈਂਸਰ, ਹੈਜ਼ਾ, ਪੋਲੀਓ, ਰੀੜ੍ਹ ਦੇ ਹੱਡੀ ਦੇ ਮਣਕੇ ਭੁਰਨ ਵਰਗੀਆਂ ਭਿਆਨਕ ਬਿਮਾਰੀਆਂ ਕਾਰਨ ਆਪਣੀਆਂ ਜਾਨਾਂ ਗਵਾ ਰਹੇ ਹਨ । ਲੋਕਾਂ ਦੀ ਮੰਗ ਹੈ ਕਿ ਪੰਜਾਬ ਅੰਦਰ ਨਹਿਰੀ ਪਾਣੀ ਸਕੀਮਾਂ ਦਾ ਨਿਰਮਾਣ ਕਰਕੇ ਲੋਕਾਂ ਨੂੰ ਪੀਣ ਦਾ ਸ਼ੁੱਧ ਪਾਣੀ ਦਿੱਤਾ ਜਾਵੇ ਅਤੇ ਆਰ. ਓ. ਪਲਾਂਟ ਲਗਾ ਕੇ ਠੱਗੀ ਮਾਰ ਕੇ ਭੱਜਣ ਵਾਲੀਆਂ ਕੰਪਨੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ ।



# ਨੌਜਵਾਨਾਂ ਲਈ ਆਕਰਸ਼ਣ - ਸਜਾਵਟ ਦੀ ਸ਼ਾਨ

# ਗਲੈਡੀਓਲਸ ਦੀ ਖੇਤੀ

ਡਾ. ਇੰਦਰਪਾਲ ਕੌਰ, ਡਾ. ਸ਼ਬਨਮ ਫੰਗਟੂ, ਦੀਕਸ਼ਾ ਤਨੋਤਰਾ,
ਡੀ. ਏ. ਯੂਨੀਵਰਸਿਟੀ, ਜਲੰਧਰ (ਮੋਬਾਇਲ 89686-15353)

ਵਪਾਰਕ ਤੌਰ ਤੇ ਗਲੈਡੀਓਲਸ ਦੁਨੀਆਂ ਦੇ ਕਈ ਹਿੱਸਿਆਂ ਵਿੱਚ ਆਪਣੇ ਮਨਮੋਹਕ ਫੁੱਲਾਂ ਲਈ ਉਗਾਏ ਜਾਣ ਵਾਲੇ ਸਭ ਤੋਂ ਪ੍ਰਸਿੱਧ ਸਜਾਵਟੀ ਪੌਦਿਆਂ ਵਿੱਚੋਂ ਇਕ ਹੈ। ਘਰੇਲੂ ਅਤੇ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਸਜਾਵਟੀ ਫਸਲਾਂ ਵਿੱਚ ਇੱਕ ਮਹੱਤਵਪੂਰਨ ਸਥਾਨ ਹੈ। ਇਸ ਫਸਲ ਦੀ ਗੁਣਵੱਤਾ ਅਤੇ ਵੱਖ-ਵੱਖਰੇ ਰੰਗਾਂ ਕਰਕੇ ਇਸ ਦੀ ਪ੍ਰਸਿੱਧੀ ਦਿਨੋ ਦਿਨ ਵਧਾਈ ਜਾ ਰਹੀ ਹੈ ਇਸ ਦੀ ਖੇਤੀ ਹੋਰਨਾਂ ਫੁੱਲਾਂ ਦੇ ਮੁਕਾਬਲੇ ਆਸਾਨ ਹੈ ਅਤੇ ਫੁੱਲਾਂ ਦੀ ਵਰਤੋਂ ਗੁਲਦਸਤੇ ਅਤੇ ਅੰਦਰੂਨੀ ਸਜਾਵਟ ਲਈ ਕੀਤੀ ਜਾਂਦੀ ਹੈ।

ਗਲੈਡੀਓਲਸ ਦੀ ਬਿਜਾਈ ਲਈ ਸਹੀ ਜਗ੍ਹਾ ਦਾ ਚੁਣਾਵ ਬਹੁਤ ਜ਼ਰੂਰੀ ਹੈ ਜਿੱਥੇ ਵਧੀਆ ਸੂਰਜ ਦੀ ਰੌਸ਼ਨੀ ਹੋਵੇ ਅਤੇ ਤੇਜ਼ ਹਵਾਵਾਂ ਤੋਂ ਬਚਾਅ ਹੋਵੇ ਕਿਉਕਿ ਤੇਜ਼ ਹਵਾਵਾਂ ਇਸ ਦੀਆਂ ਡੰਡੀਆਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ ਇਸ ਦੀ ਕਾਸ਼ਤ ਲਈ 6.5-7 ph ਵਾਲੀ ਉਪਜਾਊ ਲੋਮੀ ਤੋਂ ਰੇਤਲੀ ਦੋਮਟ ਮਿੱਟੀ ਨੂੰ ਬਹੁਤ ਤਰਜੀਹ ਦਿੱਤੀ ਜਾਂਦੀ ਹੈ। ਜ਼ਿਆਦਾ ਤੇਜ਼ਾਬੀ ਅਤੇ ਖਾਰੀ ਮਿੱਟੀ ਇਸ ਲਈ ਢੁੱਕਵੀਂ ਨਹੀਂ ਹੈ। ਚੀਕਣੀ ਮਿੱਟੀ ਨੂੰ ਕਾਸ਼ਤਯੋਗ ਬਣਾਉਣ ਲਈ ਇਸ ਵਿਚ ਰੇਤ ਪਾ ਕੇ ਇਸ ਨੂੰ ਸੋਧਣਾ ਜ਼ਰੂਰੀ ਹੈ।

ਇਸ ਦੇ ਫੁੱਲਾਂ ਦੀ ਕਾਸ਼ਤ ਲਈ ਦਿਨ ਦਾ ਤਾਪਮਾਨ 25 ਡਿਗਰੀ ਸੈਲਸੀਅਸ ਅਤੇ ਰਾਤ ਦਾ ਤਾਪਮਾਨ 16 ਡਿਗਰੀ ਸੈਲਸੀਅਸ ਤੱਕ ਬਹੁਤ ਹੀ ਉਚਿਤ ਮੰਨਿਆ ਜਾਂਦਾ ਹੈ। ਇਸ ਫਸਲ ਦੀ ਬਿਜਾਈ ਪਿਆਜ਼ ਰੂਪੀ ਗੰਢਾ ਵਾਲੇ ਬੀਜ (ਕੋਰਮ) ਨਾਲ ਕੀਤੀ ਜਾਂਦੀ ਹੈ ਹਰ ਨਵੇਂ ਸੀਜ਼ਨ ਵਿਚ ਮੁੱਖ ਕੋਰਮ ਤੋਂ ਨਵਾਂ ਕੋਰਮ ਪੈਦਾ ਹੁੰਦਾ ਹੈ।



ਇਸ ਦੀ ਬਿਜਾਈ ਸਤੰਬਰ ਤੋਂ ਨਵੰਬਰ ਤੱਕ ਕੀਤੀ ਜਾਂਦੀ ਹੈ ਪਰ ਪਿਛੇਤੀ ਬਿਜਾਈ ਦਸੰਬਰ ਤੱਕ ਵੀ ਬੀਜੀ ਜਾ ਸਕਦੀ ਹੈ। ਰੋਗ-ਮੁਕਤ, ਕੋਰਮ ਨੂੰ 30×20 ਸੈਂਟੀਮੀਟਰ ਦੀ ਦੂਰੀ ਤੇ ਬੀਜਣਾ ਚਾਹੀਦਾ ਹੈ। ਬਿਜਾਈ ਤੋਂ ਪੁੰਗਰਨ ਤੱਕ ਇਸ ਨੂੰ ਪਾਣੀ ਦੀ ਜ਼ਰੂਰਤ ਨਹੀਂ, ਪੁੰਗਰਨ ਤੋਂ ਬਾਅਦ, ਜੇ ਲੋੜ ਹੋਵੇ ਤਾਂ ਪਾਣੀ ਦੇਣਾ ਚਾਹੀਦਾ ਹੈ।

ਕਲਮ (ਸਟਿੱਕ) ਦੇ ਬਾਹਰ ਨਿਕਲਣ ਤੇ ਲਗਭਗ 20 ਸੈਂਟੀਮੀਟਰ ਦੀ ਉਚਾਈ ਤੋਂ ਬਾਦ ਇਸ ਨੂੰ ਲਗਭਗ 10 ਤੋਂ 15 ਸੈਂਟੀਮੀਟਰ ਦੀ ਉਚਾਈ ਤੱਕ ਮਿੱਟੀ ਦੇ ਢੇਰ ਢੱਕ ਦੇਣਾ ਚਾਹੀਦਾ ਹੈ। ਇਹਨਾਂ ਫੁੱਲਾਂ ਦੇ ਤਸੱਲੀ ਬਖਸ਼ ਵਾਧੇ ਲਈ ਇਹਨਾਂ ਨੂੰ ਡੰਡੀ ਦੇ ਸਹਾਰੇ ਦੀ ਜ਼ਰੂਰਤ ਹੈ ਜੇਕਰ ਇਸ ਨੂੰ ਸਹਾਰਾ ਨਾ ਦਿੱਤਾ ਗਿਆ ਤਾਂ ਹਵਾ ਦੀ ਰਫਤਾਰ ਨਾਲ ਇਹਨਾਂ ਦੇ ਡਿੱਗਣ ਦਾ ਖਤਰਾ ਬਣਿਆ ਰਹਿੰਦਾ ਹੈ।



ਗਲੈਡੀਓਲਸ ਦੀ ਬਿਜਾਈ ਤੋਂ ਬਾਦ ਲਗਭਗ ਕਿਸਮਾਂ 80-90 ਦਿਨਾਂ ਦੇ ਅੰਦਰ ਫੁੱਲ ਖਿੜਨੇ ਸ਼ੁਰੂ ਹੋ ਜਾਂਦੇ ਹਨ ਜਦੋਂ ਕਿ ਪਿਛੇਤੀ ਕਿਸਮਾਂ ਵਿਚ ਬੀਜਣ ਤੋਂ ਬਾਅਦ 100-145 ਦਿਨਾਂ ਦੇ ਅੰਦਰ ਫੁੱਲ ਖਿੜਨੇ ਸ਼ੁਰੂ ਹੋ ਜਾਂਦੇ ਹਨ।

ਘਰੇਲੂ ਬਾਜ਼ਾਰਾਂ ਦੀ ਵਿਕਰੀ ਮੌਕੇ ਕਲਮਾਂ ਨੂੰ ਉਦੋਂ ਕੱਟਿਆ ਜਾਂਦਾ ਹੈ ਜਦੋਂ ਉਸ ਦੇ ਹੇਠਲੇ 1-2 ਫੁੱਲ ਖਿੜ ਜਾਂਦੇ ਹਨ। ਕੱਟਣ ਤੋਂ ਤੁਰੰਤ ਬਾਅਦ, ਕਲਮ ਨੂੰ ਪਾਣੀ ਵਾਲੀ ਇਕ ਬਾਲਟੀ ਵਿਚ (ਨੀਚੇ ਤੋਂ 15 ਸੈਂਟੀਮੀਟਰ ਤੱਕ) ਡੁਬੋ ਦੇਣਾ ਚਾਹੀਦਾ ਹੈ। 30×20 ਸੈਂਟੀਮੀਟਰ ਦੀ ਦੂਰੀ ਤੇ ਲਾਇਆ ਗਲੈਡੀਓਲਸ ਪ੍ਰਤੀ ਹੈਕਟੇਅਰ ਲਗਭਗ 1,50,000 ਮੰਡੀਕਰਨਯੋਗ ਕਲਮਾਂ ਪੈਦਾ ਕਰਦਾ ਹੈ ਅਤੇ ਔਸਤ ਮਾਰਕੀਟ ਕੀਮਤ 5 ਤੋਂ 10 ਰੁਪਏ ਪ੍ਰਤੀ ਕਲਮ ਹੈ ਅਤੇ ਇੱਕ ਏਕੜ ਵਿਚ ਲਗਭਗ 60,000 ਫੁੱਲਾਂ ਦੀਆਂ ਕਲਮਾਂ ਦੀ ਪੈਦਾਵਾਰ ਹੁੰਦੀ ਹੈ। ਜਿਸ ਨਾਲ ਕਿਸਾਨ ਲਗਭਗ 2.5-3.0 ਲੱਖ ਰੁਪਏ ਪ੍ਰਤੀ ਏਕੜ ਕਮਾ ਸਕਦਾ ਹੈ। ਇਸ ਦੇ ਇਲਾਵਾ ਕੋਰਮ 4-5 ਰੁਪਏ ਪ੍ਰਤੀ ਕੋਰਮ ਵਿਕ ਸਕਦਾ ਹੈ।

ਇਸ ਦੀ ਕਾਸ਼ਤ ਦੇ ਰੁਝਾਨ ਵੱਲ ਝੁਕਾਅ ਕਰਦੇ ਹੋਏ DAV ਯੂਨੀਵਰਸਿਟੀ ਦੇ ਖੇਤੀਬਾੜੀ ਵਿਭਾਗ ਦੇ ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਦੀ ਨਿਗਰਾਨੀ ਅਧੀਨ ਛੋਟੇ ਪੱਧਰ ਤੇ ਇਸ ਦੀ ਖੇਤੀ, ਸਾਂਭ-ਸੰਭਾਲ ਅਤੇ ਵਿਕਰੀ ਲਈ ਇਕ ਛੋਟਾ ਜਿਹਾ ਉਪਰਾਲਾ ਕੀਤਾ ਜੋ ਕਿ ਕਾਰਗਾਰ ਸਿੱਧ ਹੋਇਆ ਅਤੇ ਇਸ ਨਾਲ ਵਿਦਿਆਰਥੀਆਂ ਦਾ ਰੁਝਾਨ ਫੁਲਾਂ ਦੀ ਖੇਤੀ ਵੱਲ ਵੱਧ ਰਿਹਾ ਹੈ।

ਅੰਤ ਵਿਚ, ਅਸੀਂ ਇਹ ਕਹਿ ਸਕਦੇ ਹਾਂ ਕਿ ਗਲੈਡੀਓਲਸ ਸਜਾਵਟੀ ਪੌਦਿਆਂ ਦੀ ਸ਼੍ਰੇਣੀ ਵਿਚ ਇਕ ਮੁੱਖ ਸਥਾਨ ਲੈ ਕੇ ਖੜ੍ਹਾ ਹੈ ਜਿਸ ਨੂੰ ਇਸ ਵੱਖੋ-ਵੱਖਰੇ ਰੰਗਾਂ ਦੇ ਫੁੱਲਾਂ ਕਰਕੇ ਜਾਣਿਆ ਜਾਂਦਾ ਹੈ ਜਿਸ ਦਾ ਕਿ ਘਰੇਲੂ ਅਤੇ ਅੰਤਰਰਾਸ਼ਟਰੀ ਬਾਜ਼ਾਰਾਂ ਵਿਚ ਇਕ ਪ੍ਰਮੁੱਖ ਸਥਾਨ ਹੈ ਰੰਗਾਂ ਦੀ ਵਿਭਿੰਨਤਾ ਅਤੇ ਗੁਣਵੱਤਾ ਕਾਰਨ ਇਸ ਦੀ ਪ੍ਰਸਿੱਧੀ ਲਗਾਤਾਰ ਵਧਦੀ ਜਾ ਰਹੀ ਹੈ ਇਸ ਦੀ ਚੰਗੀ ਕਾਸ਼ਤ ਲਈ ਮਿੱਟੀ ਦੀ ਗੁਣਵੱਤਾ, ਸੂਰਜ ਦੀ ਰੌਸ਼ਨੀ ਅਤੇ ਸਹੀ ਵਿੱਥ ਨੂੰ ਤਰਜੀਹ ਦਿੰਦੇ ਹੋਏ, ਚੰਗੀ ਰੇਤਲੀ ਦੋਮਟ ਮਿੱਟੀ ਅਤੇ ਰੋਗ-ਮੁਕਤ ਕੋਰਮਾਂ ਦੁਆਰਾ ਇਸ ਦੀ ਕੋਰਮਾਂ ਦੁਆਰਾ ਇਸ ਦੀ ਬਿਜਾਈ ਤੇ ਵਾਧੇ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਉਚਿਤ ਦੇਖਭਾਲ ਇਸ ਨੂੰ ਭਰਪੂਰ ਵਾਢੀ ਵੱਲ ਲੈ ਕੇ ਜਾਂਦੀ ਹੈ ਇਸ ਦੇ ਨਾਲ ਹੀ ਗਲੈਡੀਓਲਸ ਦੀਆਂ ਕਲਮਾਂ ਅਤੇ ਕੋਰਮਾਂ ਦੇ ਵਪਾਰ ਨਾਲ ਕਿਸਾਨ 2.5-3.0 ਲੱਖ ਰੁਪਏ ਪ੍ਰਤੀ ਏਕੜ ਕਮਾ ਸਕਦਾ ਹੈ। ਕੁੱਲ ਮਿਲਾ ਕੇ ਗਲੈਡੀਓਲਸ ਦੀ ਕਾਸ਼ਤ ਮੰਡੀਕਰਨ ਦੀ ਮੰਗ ਅਨੁਸਾਰ ਇਕ ਮੁਨਾਫਾ ਦੇਣ ਵਾਲਾ ਕਿੱਤਾ ਸਾਬਤ ਹੁੰਦਾ ਹੈ।

